Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 280 | 27/03/2026 | www.samajweekly.com | samajweekly | @samajweekly | samajweekly

# ਟਰੰਪ ਵੱਲੋਂ ਮੁੜ ਧਮਕੀ:ਇਰਾਨੀ ਆਗੂ ਬਿਨਾਂ ਦੇਰੀ ਦੇ ਛੇਤੀ ਹੀ ਵਾਰਤਾ ਲਈ ਅੱਗੇ ਆ ਜਾਣ ਕਿਉਂਕਿ ਜੇ ਇਕ ਵਾਰ ਦੇਰ ਹੋ ਗਈ ਤਾਂ ਫਿਰ ਪਿੱਛੇ ਨਹੀਂ ਮੁੜਿਆ ਜਾ ਸਕੇਗਾ

**ਵਾਸ਼ਿੰਗਟਨ/ਤਹਿਰਾਨ,** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਅਸਿੱਧੇ ਤੌਰ ’ਤੇ ਧਮਕੀ ਦਿੰਦਿਆਂ ਵੀਰਵਾਰ ਨੂੰ ਦੁਹਰਾਇਆ ਕਿ ਇਰਾਨੀ ਆਗੂ ਬਿਨਾਂ ਦੇਰੀ ਦੇ ਛੇਤੀ ਹੀ ਵਾਰਤਾ ਲਈ ਅੱਗੇ ਆ ਜਾਣ ਕਿਉਂਕਿ ਜੇ ਇਕ ਵਾਰ ਦੇਰ ਹੋ ਗਈ ਤਾਂ ਫਿਰ ਪਿੱਛੇ ਨਹੀਂ ਮੁੜਿਆ ਜਾ ਸਕੇਗਾ। ਉਧਰ ਹਰਮੁਜ਼ ਜਲ ਮਾਰਗ ਖੋਲ੍ਹੇ ਜਾਣ ਲਈ ਇਰਾਨ ਨੂੰ ਦਿੱਤਾ ਅਲਟੀਮੇਟਮ ਸ਼ੁੱਕਰਵਾਰ ਨੂੰ ਖ਼ਤਮ ਹੋ ਰਿਹਾ ਹੈ ਪਰ ਤਹਿਰਾਨ ਨੇ ਅਜੇ ਤੱਕ ਕੋਈ ਲੜ-ਪੱਲਾ ਨਹੀਂ ਫੜਾਇਆ ਹੈ। ਇਜ਼ਰਾਈਲ ਨੇ ਰੈਵੋਲਿਊਸ਼ਨਰੀ ਗਾਰਡ ਦੀ ਜਲ ਸੈਨਾ ਦੇ ਮੁਖੀ ਕਮਾਂਡਰ ਅਲੀ ਰਜ਼ਾ ਤੰਗਸਿਰੀ ਨੂੰ ਮਾਰ ਦਿੱਤਾ ਹੈ ਜਿਸ ਬਾਰੇ ਦਾਅਵਾ ਕੀਤਾ ਗਿਆ ਕਿ ਉਸ ਦੀ ਅਗਵਾਈ ਹੇਠ ਹਰਮੁਜ਼ ਜਲ ਮਾਰਗ ਬੰਦ ਰੱਖਿਆ ਜਾ ਰਿਹਾ ਸੀ। ਇਜ਼ਰਾਇਲੀ ਪ੍ਰਧਾਨ ਮੰਤਰੀ



ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਉਹ ਇਰਾਨ ’ਤੇ ਪੂਰੀ ਤਾਕਤ ਨਾਲ ਹਮਲੇ ਜਾਰੀ ਰਖਣਗੇ। ਉਨ੍ਹਾਂ ਕਿਹਾ ਕਿ ਮਾਰੇ ਗਏ ਇਰਾਨੀ ਕਮਾਂਡਰ ਦੇ ਹੱਥ ਖ਼ੂਨ ਨਾਲ ਰੰਗੇ ਹੋਏ ਸਨ। ਮੌਜੂਦਾ ਹਾਲਾਤ ਤੋਂ ਜਾਪਦਾ ਹੈ ਕਿ ਅਮਰੀਕਾ ਨੇ ਹਰਮੁਜ਼ ਜਲ ਮਾਰਗ ਨੇੜਲੀਆਂ ਥਾਵਾਂ ਜਾਂ ਖ਼ਾਰਗ ਟਾਪੂ ’ਤੇ ਇਰਾਨ ਦੇ ਤੇਲ ਟਰਮੀਨਲਾਂ ਉਪਰ ਕਬਜ਼ੇ ’ਤੇ ਧਿਆਨ ਕੇਂਦਰਤ ਕੀਤਾ ਹੋਇਆ ਹੈ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ‘ਟਰੁੱਥ ਸੋਸ਼ਲ’ ਉਤੇ ਉਕਤ ਪੋਸਟ ਉਸ ਸਮੇਂ ਪਾਈ ਹੈ ਜਦੋਂ ਇਕ ਦਿਨ ਪਹਿਲਾਂ ਉਨ੍ਹਾਂ ਦਾਅਵਾ ਕੀਤਾ ਸੀ ਕਿ ਇਰਾਨ ਨਾਲ ਸਮਝੌਤਾ ਸਿਰੇ ਚੜ੍ਹਨ ਦੇ ਕੰਢੇ ’ਤੇ ਹੈ। ਉਂਝ ਇਰਾਨ ਨੇ ਅਮਰੀਕਾ ਦੀ 15 ਨੁਕਾਤੀ ਗੋਲੀਬੰਦੀ ਤਜਵੀਜ਼ ਨੂੰ ਖ਼ਾਰਜ ਕਰਦਿਆਂ ਆਪਣੀਆਂ ਪੰਜ ਸ਼ਰਤਾਂ ਰੱਖ ਦਿੱਤੀਆਂ ਸਨ। ਟਰੰਪ ਨੇ ਦੁਹਰਾਇਆ ਕਿ ਇਰਾਨ ਸਾਡੇ ਨਾਲ ਸਮਝੌਤੇ ਲਈ ਤਰਲੇ ਕੱਢ ਰਿਹਾ ਹੈ ਪਰ ਆਗੂ ਇਸ ਗੱਲੋਂ ਡਰੇ ਹੋਏ ਹਨ ਕਿ ਜੇ ਉਨ੍ਹਾਂ ਦੇ ਨਾਮ ਸਾਹਮਣੇ ਆ ਗਏ ਤਾਂ ਉਹ ਮਾਰੇ ਜਾਣਗੇ। ਟਰੰਪ ਨੇ ਨਾਟੋ ਮੁਲਕਾਂ ਨਾਲ ਨਾਰਾਜ਼ਗੀ ਜਤਾਉਂਦਿਆਂ ਕਿਹਾ ਕਿ ਉਨ੍ਹਾਂ ਜੰਗ ਦੇ ਸਮੇਂ ’ਚ ਕੋਈ ਸਹਾਇਤਾ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਨਾਟੋ ਤੋਂ ਕਿਸੇ ਮਦਦ ਦੀ ਲੋੜ ਨਹੀਂ ਹੈ ਪਰ ਉਹ ਇਹ ਕਦੇ ਨਹੀਂ ਭੁੱਲਣਗੇ ਕਿ ਐਨੇ ਅਹਿਮ ਸਮੇਂ ’ਤੇ ਉਸ ਨੇ ਸਾਥ ਨਹੀਂ ਦਿੱਤਾ। ਉਧਰ ਯੂ ਐੱਸ ਐੱਸ ਤ੍ਰਿਪੋਲੀ ਬੇੜਾ ਮੱਧ ਪੂਰਬੀ ਇਲਾਕੇ ਨੇੜੇ ਢੁੱਕ ਗਿਆ ਹੈ ਜਿਸ ’ਤੇ 2500 ਮੈਰੀਨਜ਼ ਸਵਾਰ ਹਨ। ਇਸ ਤੋਂ ਇਲਾਵਾ 82ਵੀਂ ਏਅਰਬੋਰਨ ਦੇ ਇਕ ਹਜ਼ਾਰ ਪੈਰਾਟਰੂਪਰ ਵੀ ਖ਼ਿੱਤੇ ’ਚ ਪਹੁੰਚਣ ਵਾਲੇ ਹਨ।

ਇਜ਼ਰਾਈਲ ਵੱਲੋਂ ਇਰਾਨ ’ਤੇ ਲਗਾਤਾਰ ਕੀਤੇ ਜਾ ਰਹੇ ਹਮਲਿਆਂ ਦਰਮਿਆਨ ਅਮਰੀਕੀ ਜਲ ਸੈਨਾ ਦੇ ਐਡਮਿਰਲ ਬਰੈਡ ਕੂਪਰ ਨੇ ਕਿਹਾ ਕਿ ਫੌਜ ਨੇ ਇਰਾਨ ਜੰਗ ’ਚ ਹੁਣ ਤੱਕ 10 ਹਜ਼ਾਰ ਤੋਂ ਜ਼ਿਆਦਾ ਨਿਸ਼ਾਨੇ ਫੁੰਡੇ ਹਨ। ਅਮਰੀਕਾ ਨੇ ਇਰਾਨੀ ਜਲ ਸੈਨਾ ਦੇ ਵੱਡੇ ਬੇੜਿਆਂ ’ਚੋਂ 92 ਫ਼ੀਸਦ ਨੂੰ ਤਬਾਹ ਕਰ ਦਿੱਤਾ ਹੈ ਅਤੇ ਹਥਿਆਰਾਂ ਦੇ ਦੋ-ਤਿਹਾਈ ਜ਼ਖ਼ੀਰੇ ਨੂੰ ਵੀ ਨਿਸ਼ਾਨਾ ਬਣਾਇਆ ਹੈ।

# ਬੰਗਲਾਦੇਸ਼ ਵਿੱਚ ਨਦੀ ਵਿੱਚ ਡਿੱਗੀ ਬੱਸ, 23 ਦੀ ਮੌਤ, 11 ਲੋਕਾਂ ਨੇ ਤੈਰ ਕੇ ਬਚਾਈ ਆਪਣੀ ਜਾਨ

## ਬੱਸ ਨੂੰ ਕਿਸ਼ਤੀ ਵਿੱਚ ਚੜ੍ਹਾਉਂਦੇ ਸਮੇਂ ਵਾਪਰਿਆ ਹਾਦਸਾ

**ਬੰਗਲਾਦੇਸ਼।** ਬੰਗਲਾਦੇਸ਼ ਵਿੱਚ ਇੱਕ ਯਾਤਰੀ ਬੱਸ ਪਦਮਾ ਨਦੀ ਵਿੱਚ ਡਿੱਗ ਗਈ। ਇਸ ਹਾਦਸੇ ਵਿੱਚ ਹੁਣ ਤੱਕ 23 ਲੋਕਾਂ ਦੀ ਮੌਤ ਹੋ ਗਈ ਹੈ। ਗਿਆਰਾਂ ਯਾਤਰੀ ਤੈਰ ਕੇ ਸੁਰੱਖਿਅਤ ਬਾਹਰ ਨਿਕਲ ਗਏ। ਬੱਸ ਵਿੱਚ ਲਗਭਗ 40 ਲੋਕ ਸਵਾਰ ਸਨ। ਇਹ ਹਾਦਸਾ ਬੁੱਧਵਾਰ ਸ਼ਾਮ ਨੂੰ ਹੋਇਆ। ਉਸ ਸਮੇਂ ਸਿਰਫ਼ ਦੋ ਲੋਕਾਂ ਦੀ ਮੌਤ ਦੀ ਖ਼ਬਰ ਮਿਲੀ ਸੀ। ਇਹ ਹਾਦਸਾ ਰਾਜਬਾੜੀ ਜ਼ਿਲ੍ਹੇ ਦੇ ਦੌਲਾਦੀਆ ਟਰਮੀਨਲ 'ਤੇ ਵਾਪਰਿਆ। ਬੱਸ ਇੱਕ ਕਿਸ਼ਤੀ 'ਤੇ ਚੜ੍ਹ ਰਹੀ ਸੀ ਉਦੋਂ ਹੀ ਡਰਾਈਵਰ ਨੇ ਆਪਣਾ ਕੰਟਰੋਲ ਗੁਆ ਦਿੱਤਾ ਅਤੇ ਬੱਸ ਨਦੀ ਵਿੱਚ ਡਿੱਗ ਗਈ। ਬੰਗਲਾਦੇਸ਼ ਵਿੱਚ, ਕਿਸ਼ਤੀਆਂ ਦੀ ਵਰਤੋਂ ਬੱਸਾਂ ਅਤੇ ਵਾਹਨਾਂ ਨੂੰ ਦਰਿਆਵਾਂ ਪਾਰ ਕਰਵਾਉਣ ਲਈ ਕੀਤੀ ਜਾਂਦੀ ਹੈ। ਪ੍ਰਧਾਨ ਮੰਤਰੀ ਤਾਰਿਕ ਰਹਿਮਾਨ ਨੇ ਬਚਾਅ ਕਾਰਜਾਂ ਦਾ ਜਾਇਜ਼ਾ ਲਿਆ ਹੈ ਅਤੇ ਹਾਦਸੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਬਚਾਅ ਟੀਮਾਂ ਨੇ "ਹਮਜ਼ਾ" ਨਾਮਕ ਜਹਾਜ਼ ਦੀ ਵਰਤੋਂ ਕਰਦਿਆਂ ਲਗਭਗ ਛੇ ਘੰਟਿਆਂ ਦੀ ਕੋਸ਼ਿਸ਼ ਤੋਂ ਬਾਅਦ ਅੱਧੀ ਰਾਤ ਨੂੰ ਬੱਸ ਨੂੰ ਬਾਹਰ ਕੱਢਿਆ। ਗੋਤਾਖੋਰਾਂ ਨੇ 21 ਲਾਸ਼ਾਂ ਬਰਾਮਦ ਕੀਤੀਆਂ, ਜਦੋਂ ਕਿ ਗੋਤਾਖੋਰ ਪਹਿਲਾਂ ਹੀ ਦੋ



ਔਰਤਾਂ ਦੀਆਂ ਲਾਸ਼ਾਂ ਕੱਢ ਚੁੱਕੇ ਸਨ। ਫੌਜ ਅਤੇ ਪੁਲਿਸ ਦੀ ਸਹਾਇਤਾ ਨਾਲ ਫਾਇਰ ਸਰਵਿਸ ਅਤੇ ਤੱਟ ਰੱਖਿਅਕ ਗੋਤਾਖੋਰ ਲਾਪਤਾ ਲੋਕਾਂ ਦੀ ਭਾਲ ਕਰ ਰਹੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਬੱਸ ਢਾਕਾ ਜਾ ਰਹੀ ਸੀ। ਈਦ ਦੀਆਂ ਛੁੱਟੀਆਂ ਤੋਂ ਬਾਅਦ ਬੱਚਿਆਂ ਸਮੇਤ ਬਹੁਤ ਸਾਰੇ ਯਾਤਰੀ ਰਾਜਧਾਨੀ ਵਾਪਸ ਆ ਰਹੇ ਸਨ। ਚਸ਼ਮਦੀਦਾਂ ਦੇ ਅਨੁਸਾਰ, ਬਹੁਤ ਸਾਰੇ ਯਾਤਰੀ ਇੱਕੋ ਪਰਿਵਾਰ ਦੇ ਸਨ। ਕੁਝ ਬਾਹਰ ਖੜ੍ਹੇ ਰਹਿ ਕੇ ਬਚ ਗਏ, ਜਦੋਂ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਅੰਦਰ ਫਸ ਗਏ।

# ਅਮਰੀਕਾ ਕੋਲ ਤਾਕਤ ਹੁੰਦੀ ਤਾਂ ਜਿੱਤ ਚੁੱਕਾ ਹੁੰਦਾ: ਇਰਾਨੀ ਫ਼ੌਜ

## ਇਰਾਨ ਦੀ ਫੌਜ ਨੇ ਅਮਰੀਕਾ-ਇਰਾਨ ਗੱਲਬਾਤ ਦੇ ਟਰੰਪ ਦੇ ਦਾਅਵੇ ਦਾ ਉਡਾਇਆ ਮਜ਼ਾਕ

**ਦੁਬਈ:** ਇਰਾਨ ਦੇ ਫੌਜ ਦੇ ਬੁਲ-ਾਰੇ ਨੇ ਬੁਧਵਾਰ ਨੂੰ ਜੰਗਬੰਦੀ ਸਮਝੌਤੇ ਉਤੇ ਅਮਰੀਕੀ ਕੋਸ਼ਿਸ਼ਾਂ ਦਾ ਮਜ਼ਾਕ ਉਡਾਇਆ, ਇਸ ਬਾਰੇ ਸਵਾਲ ਖੜ੍ਹੇ ਕੀਤੇ ਕਿ ਕੀ ਵਾਸ਼ਿੰਗਟਨ ਵਲੋਂ ਪ੍ਰਸਤਾਵਿਤ 15 ਨੁਕਾਤੀ ਯੋਜਨਾ ਸਫਲ ਹੋਣ ਦਾ ਮੌਕਾ ਹੈ? ਫ਼ੌਜ ਨੇ ਇਹ ਵੀ ਕਿਹਾ ਕਿ ਜੇਕਰ ਅਮਰੀਕਾ ਕੋਲ ਤਾਕਤ ਹੁੰਦੀ, ਤਾਂ ਉਹ ਇਰਾਨ ਵਿਰੁਧ ਜੰਗ ਹੁਣ ਤਕ ਜਿੱਤ ਚੁਕਾ ਹੁੰਦਾ। ਇਰਾਨੀ ਫੌਜ ਦੇ ਖਾਤਮ ਅਲ-ਅਨਬੀਆ ਕੇਂਦਰੀ ਹੈੱਡਕੁਆਰਟਰ ਦੇ ਬੁਲਾਰੇ ਲੈਫਟੀਨੈਂਟ ਕਰਨਲ ਇਬਰਾਹਿਮ ਜ਼ੋਲਫਗਰੀ ਦੀ ਇਹ ਟਿਪਣੀ ਕਥਿਤ ਤੌਰ ’ਤੇ ਪਾਕਿ-ਸਤਾਨ ਵਲੋਂ ਇਰਾਨ ਨੂੰ ਸੌਂਪੀ ਗਈ ਯੋਜਨਾ ਤੋਂ ਬਾਅਦ ਆਈ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕੀ ਅਧਿਕਾਰੀ ਇਸ ਯੋਜਨਾ ਉਤੇ ਇਰਾਨ ਨਾਲ ਗੱਲਬਾਤ ਕਰ ਰਹੇ ਹਨ ਪਰ ਜ਼ੋਲਫਾਗਰੀ ਨੇ ਸਰਕਾਰੀ ਟੈਲੀਵਿਜ਼ਨ ਉਤੇ ਪ੍ਰਸਾਰਿਤ ਇਕ ਰੀਕਾਰਡ ਕੀਤੇ ਵੀਡੀਉ ਬਿਆਨ ਵਿਚ ਸੁਝਾਅ ਦਿਤਾ ਹੈ ਕਿ ਕੋਈ ਗੱਲਬਾਤ ਨਹੀਂ ਹੋਈ ਹੈ। ਉਨ੍ਹਾਂ ਅਪਣੇ ਬਿਆਨ ਵਿਚ ਕਿਹਾ, ‘‘ਕੀ ਤੁਹਾਡੇ ਅੰਦਰੂਨੀ ਟਕਰਾਅ ਇਸ ਬਿੰਦੂ ਉਤੇ ਪਹੁੰਚ ਗਏ ਹਨ ਜਿੱਥੇ ਤੁਸੀਂ ਅਪਣੇ-ਆਪ ਨਾਲ ਗੱਲਬਾਤ ਕਰ ਰਹੇ ਹੋ?’’ ਜ਼ੋਲਫਾਗਰੀ ਨੇ ਕਿਹਾ, ‘‘ਸਾਡਾ ਪਹਿਲਾ ਅਤੇ ਆਖਰੀ ਸ਼ਬਦ ਪਹਿਲੇ ਦਿਨ ਤੋਂ ਹੀ ਇਕੋ ਜਿਹਾ ਰਿਹਾ ਹੈ ਅਤੇ ਇਹ ਇਸ ਤਰ੍ਹਾਂ ਰਹੇਗਾ। ਸਾਡੇ ਵਰਗਾ ਕੋਈ ਤੁਹਾਡੇ ਵਰਗੇ ਕਿਸੇ ਨਾਲ ਕਦੇ ਵੀ ਸਮਝੌਤਾ ਨਹੀਂ ਕਰੇਗਾ। ਹੁਣ ਨਹੀਂ, ਕਦੇ ਨਹੀਂ।’’ ਬੁਲਾਰੇ ਨੇ ਅੱਗੇ ਕਿਹਾ, ‘‘ਜਿਸ ਰਣਨੀਤਕ ਸ਼ਕਤੀ ਬਾਰੇ ਤੁਸੀਂ ਗੱਲ ਕਰਦੇ ਸੀ ਉਹ ਇਕ ਰਣਨੀਤਕ ਅਸਫਲਤਾ ਵਿਚ ਬਦਲ ਗਈ ਹੈ। ਇਕ ਵਿਸ਼ਵਵਿਆਪੀ ਮਹਾਂਸ਼ਕਤੀ ਹੋਣ ਦਾ ਦਾਅਵਾ ਕਰਨ ਵਾਲਾ ਪਹਿਲਾਂ ਹੀ ਜਿੱਤ ਚੁਕਾ ਹੁੰਦਾ ਜੇ ਜਿੱਤ ਸਕਦਾ ਸੀ। ਅਪਣੀ ਹਾਰ ਨੂੰ ਇਕ ਸਮਝੌਤੇ ਦੇ ਰੂਪ ਵਿਚ ਨਾ ਬਣਾਓ। ਤੁਹਾਡੇ ਖੋਖਲੇ ਵਾਅਦਿਆਂ ਦਾ ਯੁੱਗ ਖ਼ਤਮ ਹੋ ਗਿਆ ਹੈ।’’





# ਆਂਧਰਾ ਪ੍ਰਦੇਸ਼ ਵਿਚ ਜ਼ਿੰਦਾ ਸੜੇ 14 ਯਾਤਰੀ, ਡੰਪਰ ਨਾਲ ਟਕਰਾਉਣ ਤੋਂ ਬਾਅਦ ਬੱਸ ਨੂੰ ਲੱਗੀ ਅੱਗ

**ਮਾਰਕਪੁਰ।** ਆਂਧਰਾ ਪ੍ਰਦੇਸ਼ ਦੇ ਮਾਰਕਪੁਰ ਜ਼ਿਲ੍ਹੇ ਦੇ ਰਾਏਵਰਮ ਨੇੜੇ ਅੱਜ ਇੱਕ ਸੜਕ ਹਾਦਸਾ ਵਾਪਰਿਆ। ਇੱਕ ਨਿੱਜੀ ਯਾਤਰਾ ਬੱਸ ਇੱਕ ਡੰਪਰ ਨਾਲ ਟਕਰਾ ਗਈ। ਟੱਕਰ ਤੋਂ ਤੁਰੰਤ ਬਾਅਦ ਬੱਸ ਨੂੰ ਅੱਗ ਲੱਗ ਗਈ। ਚੌਦਾਂ ਯਾਤਰੀ ਜ਼ਿੰਦਾ ਸੜ ਗਏ, ਜਦੋਂ ਕਿ 23 ਹੋਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਹਰੀਕ੍ਰਿਸ਼ਨ ਟਰੈਵਲਜ਼ ਦੀ ਬੱਸ ਤੇਲੰਗਾਨਾ ਦੇ ਨਿਰਮਲ ਤੋਂ



ਨੇਲੋਰ ਜਾ ਰਹੀ ਸੀ। ਇਹ ਹਾਦਸਾ ਸਵੇਰੇ 6:00 ਵਜੇ ਦੇ ਕਰੀਬ ਵਾਪਰਿਆ। ਅੱਗ 'ਤੇ ਲਗਭਗ ਤਿੰਨ ਘੰਟਿਆਂ ਵਿੱਚ ਕਾਬੂ ਪਾਇਆ ਗਿਆ। ਮਾਰਕਪੁਰਮ ਦੇ ਪੁਲਿਸ ਸੁਪਰਡੈਂਟ ਵੀ. ਹਰਸ਼ਵਰਧਨ ਰਾਜੂ ਨੇ ਕਿਹਾ ਕਿ ਡੰਪਰ ਡਰਾਈਵਰ ਸਮੇਤ 23 ਜ਼ਖਮੀਆਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਬੱਸ ਵਿੱਚ 35 ਤੋਂ ਵੱਧ ਯਾਤਰੀ ਸਵਾਰ ਸਨ। ਘਟਨਾ ਬਾਰੇ ਪੂਰੀ ਜਾਣਕਾਰੀ ਇਕੱਠੀ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਐਨ. ਚੰਦਰਬਾਬੂ ਨਾਇਡੂ ਨੇ ਜਾਨੀ ਨੁਕਸਾਨ 'ਤੇ ਦੁੱਖ ਪ੍ਰਗਟ ਕੀਤਾ।

# ਦਾਜ ਮੌਤਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਸਮਾਜ ਲਈ ਵੱਡਾ ਧੱਬਾ - ਸੁਪਰੀਮ ਕੋਰਟ

**ਨਵੀਂ ਦਿਲੀ।** ਸੁਪਰੀਮ ਕੋਰਟ ਨੇ ਦਾਜ ਕਾਰਨ ਹੋਣ ਵਾਲੀਆਂ ਮੌਤਾਂ ਨੂੰ ਸਮਾਜ ਲਈ ਇੱਕ ਗੰਭੀਰ ਅਤੇ ਸ਼ਰਮਨਾਕ ਬੁਰਾਈ ਕਰਾਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਕਾਨੂੰਨੀ ਪਾਬੰਦੀਆਂ ਦੇ ਬਾਵਜੂਦ ਵੀ ਇਹ ਪ੍ਰਥਾ ਰੁਕਣ ਦਾ ਨਾਮ ਨਹੀਂ ਲੈ ਰਹੀ ਅਤੇ ਹਰ ਸਾਲ ਹਜ਼ਾਰਾਂ ਔਰਤਾਂ ਦੀ ਜਾਨ ਲੈ ਰਹੀ ਹੈ, ਜੋ ਮਨੁੱਖੀ ਅਧਿਕਾਰਾਂ ਦੀ ਖੁੱਲ੍ਹੀ ਉਲੰਘਣਾ ਹੈ।



ਜਸਟਿਸ J.B. Paridwala ਅਤੇ Vijay Bishnio ਦੀ ਬੈਂਚ ਨੇ ਦਾਜ ਮੌਤ ਦੇ ਇੱਕ ਮਾਮਲੇ ਵਿੱਚ ਦੋਸ਼ੀ ਵਿਅਕਤੀ ਦੀ ਜ਼ਮਾਨਤ ਰੱਦ ਕਰ ਦਿੱਤੀ। ਅਦਾਲਤ ਨੇ ਇਹ ਵੀ ਕਿਹਾ ਕਿ ਫਓਟਨਓਿ ੍ਗਹ ਛੋਰਟ ਵੱਲੋਂ ਦਿੱਤੀ ਗਈ ਜ਼ਮਾਨਤ ਦੀ ਮਨਜ਼ੂਰੀ ਠੀਕ ਨਹੀਂ ਸੀ ਅਤੇ ਇਸ ਤਰ੍ਹਾਂ ਦੇ ਗੰਭੀਰ ਮਾਮਲਿਆਂ ਵਿੱਚ ਬਹੁਤ ਸਾਵਧਾਨੀ ਦੀ ਲੋੜ ਹੁੰਦੀ ਹੈ। ਬੈਂਚ ਨੇ ਆਪਣੇ ਫੈਸਲੇ ਵਿੱਚ ਇਹ ਵੀ ਜ਼ੋਰ ਦਿੱਤਾ ਕਿ ਦਾਜ ਪ੍ਰਥਾ ਸਿਰਫ਼ ਇੱਕ ਸਮਾਜਿਕ ਬੁਰਾਈ ਨਹੀਂ, ਸਗੋਂ ਇੱਕ ਐਸੀ ਪ੍ਰਣਾਲੀ ਬਣ ਚੁੱਕੀ ਹੈ ਜੋ ਔਰਤਾਂ ਨੂੰ ਮਾਨਸਿਕ ਅਤੇ ਸਰੀਰਕ ਤੌਰ ‘ਤੇ ਤੋੜਦੀ ਹੈ। ਕਈ ਮਾਮਲਿਆਂ ਵਿੱਚ ਔਰਤਾਂ ਨੂੰ ਦਾਜ ਦੀ ਮੰਗ ਪੂਰੀ ਨਾ ਕਰਨ ਕਰਕੇ ਤੰਗ-ਪਰੇਸ਼ਾਨ ਕੀਤਾ ਜਾਂਦਾ ਹੈ, ਜਿਸ ਕਾਰਨ ਉਹਨਾਂ ਨੂੰ ਜਾਂ ਤਾਂ ਮਾਰ ਦਿੱਤਾ ਜਾਂਦਾ ਹੈ ਜਾਂ ਖੁਦਕੁਸ਼ੀ ਲਈ ਮਜਬੂਰ ਕੀਤਾ ਜਾਂਦਾ ਹੈ।ਅਦਾਲਤ ਨੇ ਕਿਹਾ ਕਿ ਸਮਾਜ ਨੂੰ ਇਸ ਬੁਰਾਈ ਨੂੰ ਖਤਮ ਕਰਨ ਲਈ ਇਕੱਠੇ ਹੋ ਕੇ ਕੰਮ ਕਰਨਾ ਚਾਹੀਦਾ ਹੈ, ਤਾਂ ਜੋ ਔਰਤਾਂ ਨੂੰ ਇੱਜ਼ਤ ਅਤੇ ਸੁਰੱਖਿਆ ਨਾਲ ਜੀਣ ਦਾ ਅਧਿਕਾਰ ਮਿਲ ਸਕੇ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਗਗਨਦੀਪ ਖ਼ੁਦਕੁਸ਼ੀ ਮਾਮਲੇ ’ਚ CBI ਜਾਂਚ ਲਈ ਤਿਆਰ ਹੋਏ ਰਾਜਾ ਵੜਿੰਗ

## ਕਿਹਾ : ‘ਜੇਕਰ ਭਾਜਪਾ ਛਭੀ ਜਾਂਚ ਲਈ ਮੇਰੀ ਇਜਾਜ਼ਤ ਦੀ ਉਡੀਕ ਕਰ ਰਹੀ ਹੈ, ਤਾਂ ਕਿਰਪਾ ਕਰਕੇ ਅੱਗੇ ਵਧੋ’

**ਚੰਡੀਗੜ੍ਹ :** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਗੁਦਾਮ ਅਧਿਕਾਰੀ ਗਗਨਦੀਪ ਖ਼ੁਦਕੁਸ਼ੀ ਮਾਮਲੇ ’ਚ ਕੀਤੀ ਜਾ ਰਹੀ ਸੀ.ਬੀ.ਆਈ.ਜਾਂਚ ਦੀ ਮੰਗ ’ਤੇ ਰਾਜ਼ੀ ਹੋ ਗਏ ਹਨ। ਉਨ੍ਹਾਂ ਸੋਸ਼ਲ ਮੀਡੀਆ ’ਤੇ ਇਕ ਪੋਸਟ ਸਾਂਝੀ ਕਰਕੇ ਕਿਹਾ ਕਿ ਜੇਕਰ ਭਾਰਤੀ ਜਨਤਾ ਪਾਰਟੀ ਸਿਰਫ਼ ਸੀ.ਬੀ.ਆਈ. ਜਾਂਚ ਲਈ ਮੇਰੀ ਇਜਾਜ਼ਤ ਦੀ ਉਡੀਕ ਕਰ ਰਹੀ ਹੈ, ਤਾਂ ਕਿਰਪਾ ਕਰਕੇ ਅੱਗੇ ਵਧੋ। ਡੀ.ਐਮ. ਰੰਧਾਵਾ ਖੁਦਕੁਸ਼ੀ ਮਾਮਲੇ ਵਿਚ ਕੇਂਦਰੀ ਜਾਂਚ ਬਿਊਰੋ ਤੋਂ ਜਾਂਚ ਦਾ ਆਦੇਸ਼ ਦਿਓ। ਉਨ੍ਹਾਂ ਕਿਹਾ ਕਿ ਪਰਿਵਾਰ ਇਸ ਦੀ ਮੰਗ



ਕਰ ਰਿਹਾ ਹੈ। ਸੱਚਾਈ ਇਸ ਦੀ ਹੱਕਦਾਰ ਹੈ। ਹੋਰ ਦੇਰੀ ਨਹੀਂ, ਹੋਰ ਬਹਾਨੇ ਨਹੀਂ, ਸਿਰਫ਼ ਇਨਸਾਫ਼।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪੰਜਾਬ ਵਿਚ ਮੁੜ ਬਦਲੇਗਾ ਮੌਸਮ, ਅਗਲੇ ਦੋ ਦਿਨਾਂ ਲਈ ਮੀਂਹ ਤੇ ਤੇਜ਼ ਹਵਾਵਾਂ ਲਈ ਅਲਰਟ



**ਚੰਡੀਗੜ੍ਹ।** ਪੰਜਾਬ ਅਤੇ ਚੰਡੀਗੜ੍ਹ ਵਿੱਚ ਮੌਸਮ ਬਦਲ ਗਿਆ ਹੈ। ਅੱਜ ਤੋਂ ਅਗਲੇ ਦੋ ਦਿਨਾਂ ਲਈ ਤੇਜ਼ ਹਵਾਵਾਂ ਤੇ ਮੀਂਹ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਹਵਾ ਦੀ ਗਤੀ 30 ਤੋਂ 40 ਕਿਲੋਮੀਟਰ ਪ੍ਰਤੀ ਘੰਟਾ ਤੱਕ ਪਹੁੰਚ ਸਕਦੀ ਹੈ। ਪਿਛਲੇ 24 ਘੰਟਿਆਂ ਵਿਚ ਤਾਪਮਾਨ 1.3 ਡਿਗਰੀ ਵਧਿਆ ਹੈ, ਅਤੇ ਹੁਣ ਆਮ ਨਾਲੋਂ 2.4 ਡਿਗਰੀ ਵੱਧ ਹੈ। ਗੁਰਦਾਸਪੁਰ ਵਿਚ ਸਭ ਤੋਂ ਵੱਧ 32.5 ਡਿਗਰੀ ਤਾਪਮਾਨ ਦਰਜ ਕੀਤਾ ਗਿਆ। ਮੌਸਮ ਵਿਭਾਗ ਅਨੁਸਾਰ ਸੂਬੇ ਦੇ 13 ਜ਼ਿਲ੍ਹਿਆਂ ਵਿਚ ਗਰਜ-ਤੂਫ਼ਾਨ ਅਤੇ ਤੇਜ਼ ਹਵਾਵਾਂ ਦੇ ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਪਠਾਨਕੋਟ, ਗੁਰ-ਦਾਸਪੁਰ, ਅੰਮ੍ਰਿਤਸਰ, ਤਰਨ-ਤਾਰਨ, ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ ਸਾਹਿਬ, ਮੋਗਾ, ਬਠਿੰਡਾ, ਬਰਨਾਲਾ, ਮਾਨਸਾ ਅਤੇ ਸੰਗਰੂਰ ਸ਼ਾਮਲ ਹਨ। ਲੋਕਾਂ ਨੂੰ ਖਰਾਬ ਮੌਸਮ ਦੌਰਾਨ ਖੁੱਲ੍ਹੀਆਂ ਥਾਵਾਂ ਤੋਂ ਦੂਰ ਰਹਿਣ ਅਤੇ ਸੁਰੱਖਿਅਤ ਥਾਵਾਂ 'ਤੇ ਰਹਿਣ ਦੀ ਸਲਾਹ ਦਿੱਤੀ ਗਈ ਹੈ। ਕਿਸਾਨਾਂ ਅਤੇ ਡਰਾਈਵਰਾਂ ਨੂੰ ਖਾਸ ਸਾਵਧਾਨੀ ਵਰਤਣੀ ਚਾਹੀਦੀ ਹੈ। ਪਾਕਿ-ਸਤਾਨ ਦੇ ਨੇੜੇ ਹਵਾ ਦਾ ਤੂਫਾਨ ਬਣਿਆ ਹੋਇਆ ਹੈ ਅਤੇ ਉੱਚਾਈ 'ਤੇ ਤੇਜ਼ ਹਵਾਵਾਂ ਚੱਲ ਰਹੀਆਂ ਹਨ। ਨਤੀਜੇ ਵਜੋਂ, ਇੱਕ ਮੌਸਮ ਪ੍ਰਣਾਲੀ ਅੱਜ ਸਰਗਰਮ ਹੋ ਜਾਵੇਗੀ, ਅਤੇ ਦੂਜੀ 28 ਮਾਰਚ ਦੀ ਰਾਤ ਨੂੰ ਸਰਗਰਮ ਹੋ ਜਾਵੇਗੀ। ਇਨ੍ਹਾਂ ਪ੍ਰਭਾਵਾਂ ਕਾਰਨ ਪੰਜਾਬ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਮੌਸਮ ਬਦਲ ਜਾਵੇਗਾ, ਜਿੱਥੇ ਮੀਂਹ, ਤੇਜ਼ ਹਵਾਵਾਂ ਅਤੇ ਗਰਜ-ਤੂਫ਼ਾਨ ਦੀ ਉਮੀਦ ਹੈ। ਮੌਸਮ ਵਿਭਾਗ ਦੇ ਡਾਇਰੈਕਟਰ ਸੁਰੇਂਦਰ ਪਾਲ ਦੇ ਅਨੁਸਾਰ, ਸੂਬੇ ਵਿੱਚ ਅੱਜ ਤੋਂ 28 ਅਤੇ 31 ਮਾਰਚ ਦੇ ਵਿਚਕਾਰ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋ ਸਕਦੀ ਹੈ, ਜਿਸ ਦੇ ਨਾਲ 29 ਅਤੇ 30 ਮਾਰਚ ਨੂੰ ਹੋਰ ਤੇਜ਼ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਤਾਪਮਾਨ ਦੇ ਸੰਬੰਧ ਵਿਚ, ਅਗਲੇ 48 ਘੰਟਿਆਂ ਵਿਚ ਦਿਨ ਦੇ ਤਾਪਮਾਨ ਵਿੱਚ 2 ਤੋਂ 3 ਡਿਗਰੀ ਦਾ ਵਾਧਾ ਹੋਵੇਗਾ, ਪਰ ਉਸ ਤੋਂ ਬਾਅਦ 3 ਤੋਂ 4 ਡਿਗਰੀ ਤੱਕ ਗਿਰਾਵਟ ਆ ਸਕਦੀ ਹੈ।

## ਇੰਦੌਰ ’ਚ ਵਿਅਕਤੀ ਨੇ ਔਰਤ ਨੂੰ ਕਾਰ ਨਾਲ ਕੁਚਲਿਆ, ਮੌਤ



**ਇੰਦੌਰ।** ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਇੱਕ ਵਿਅਕਤੀ ਨੇ ਪੇਂਟ ਹਾਊਸ ਦੇ ਕਿਰਾਏ ਦੇ ਵਿਵਾਦ ਨੂੰ ਲੈ ਕੇ ਇੱਕ ਔਰਤ ਨੂੰ ਆਪਣੀ ਕਾਰ ਨਾਲ ਕੁਚਲ ਦਿੱਤਾ। ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਸ਼ੰਪਾ ਪਾਂਡੇ ਸੀ, ਜੋ ਕਿ ਇਨਫੋਸਿਸ ਵਿੱਚ ਇੱਕ ਸਾਫਟਵੇਅਰ ਇੰਜੀਨੀਅਰ ਸੀ। ਉਹ 13 ਦਿਨ ਪਹਿਲਾਂ ਹੀ ਆਪਣੇ ਦੋ ਬੱਚਿਆਂ ਅਤੇ ਪਤੀ ਨਾਲ ਫਲੈਟ ਵਿੱਚ ਰਹਿਣ ਆਈ ਸੀ। ਇਹ ਘਟਨਾ ਐਮਆਰ 11 ਸ਼ਿਵ ਵਾਟਿਕਾ ਸਮਰੁੱਧੀ ਐਨਕਲੇਵ ਵਿੱਚ ਵਾਪਰੀ ਸੀ। ਘਟਨਾ ਦੀ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ। ਪੇਂਟ ਹਾਊਸ ਦੇ ਕਿਰਾਏ ਨੂੰ ਲੈ ਕੇ ਵਸਨੀਕਾਂ ਅਤੇ ਦੋਸ਼ੀ ਵਿਚਕਾਰ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਪੁਲਿਸ ਨੇ ਕਤਲ ਦਾ ਮਾਮਲਾ ਦਰਜ ਕਰਕੇ ਮੁਲਜ਼ਮ ਅਤੇ ਉਸ ਦੇ ਪਿਤਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਦੇ ਅਨੁਸਾਰ ਕੁਲਦੀਪ ਚੌਧਰੀ ਨੇ ਐਮਆਰ 11, ਇੱਕ ਟਾਊਨਸ਼ਿਪ 'ਤੇ ਸਾਗਰਸ਼੍ਰੀ ਐਨਕਲੇਵ ਇਮਾਰਤ ਵਿੱਚ ਏਅਰਬੀਐਨਬੀ ਨੂੰ ਆਪਣਾ ਪੇਂਟਹਾਊਸ ਕਿਰਾਏ 'ਤੇ ਦਿੱਤਾ ਸੀ। ਇਸ ਕਾਰਨ ਰੋਜ਼ਾਨਾ ਨਵੇਂ ਸੈਲਾਨੀ ਆ ਰਹੇ ਸਨ। ਨਿਵਾਸੀਆਂ ਨੇ ਇਸ 'ਤੇ ਇਤਰਾਜ਼ ਕੀਤਾ। ਬੁੱਧਵਾਰ ਰਾਤ ਨੂੰ ਨਿਵਾਸੀਆਂ ਨੇ ਕੁਲਦੀਪ ਚੌਧਰੀ ਦੇ ਫਲੈਟ ਦੀਆਂ ਲਾਈਟਾਂ ਬੰਦ ਕਰ ਦਿੱਤੀਆਂ। ਲਾਈਟਾਂ ਬੰਦ ਹੁੰਦੀਆਂ ਦੇਖ ਕੇ ਕੁਲਦੀਪ ਹੇਠਾਂ ਆ ਗਿਆ। ਗੁੱਸੇ ਵਿੱਚ ਆ ਕੇ ਉਸ ਨੇ ਨਿਵਾਸੀਆਂ ਦੇ ਫਲੈਟਾਂ ਦੀਆਂ ਲਾਈਟਾਂ ਬੰਦ ਕਰ ਦਿੱਤੀਆਂ। ਇਸ ਨਾਲ ਦੋਵਾਂ ਧਿਰਾਂ ਵਿਚਕਾਰ ਲੜਾਈ ਹੋ ਗਈ।

ਝਗੜੇ ਦੇ ਵਿਚਕਾਰ ਕੁਲਦੀਪ ਦਾ ਪੁੱਤਰ ਮੋਹਿਤ ਚੌਧਰੀ ਆਪਣੀ ਕਾਰ ਵਿੱਚ ਆਇਆ। ਉਸ ਨੇ ਤੇਜ਼ ਰਫ਼ਤਾਰ ਨਾਲ ਕਾਰ ਭਜਾਈ। ਪਹਿਲਾਂ ਉੱਥੇ ਰਹਿਣ ਵਾਲੀ ਇੱਕ ਮਹਿਲਾ ਕਰਮਚਾਰੀ ਨੂੰ ਟੱਕਰ ਮਾਰੀ ਅਤੇ ਫਿਰ ਸ਼ੰਪਾ ਪਾਂਡੇ ਨੂੰ ਟੱਕਰ ਮਾਰ ਦਿੱਤੀ। ਸ਼ੰਪਾ ਨੂੰ ਤੁਰੰਤ ਬੰਬੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਪਰ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਇਹ ਸਾਰੀ ਘਟਨਾ ਇਮਾਰਤ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ।

## ਅਸੀਂ ਪਾਕਿਸਤਾਨ ਵਾਂਗ ਦਲਾਲ ਕੌਮ ਨਹੀਂ ਹਾਂ : ਸਰਬ ਪਾਰਟੀ ਮੀਟਿੰਗ 'ਚ ਸਰਕਾਰ



**ਨਵੀਂ ਦਿੱਲੀ :** ਕੇਂਦਰ ਸਰਕਾਰ ਨੇ ਸਰਬ-ਪਾਰਟੀ ਬੈਠਕ ’ਚ ਵਿਰੋਧੀ ਧਿਰ ਨੂੰ ਦਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕਿਹਾ ਹੈ ਕਿ ਪਛਮੀ ਏਸ਼ੀਆ ’ਚ ਜੰਗ ਜਲਦੀ ਖਤਮ ਹੋਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਸਾਰਿਆਂ ਨੂੰ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਨੇ ਜੰਗ ਖ਼ਤਮ ਕਰਵਾਉਣ ਲਈ ਕਥਿਤ ਤੌਰ ’ਤੇ ਵਿਚੋਲਗੀ ਕਰਵਾਉਣ ਲਈ ਪਾਕਿਸਤਨ ਨੂੰ ਵੀ ‘ਦਲਾਲ’ ਦੇਸ਼ ਕਰਾਰ ਦਿਤਾ। ਸੂਤਰਾਂ ਨੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਦੇ ਹਵਾਲੇ ਨਾਲ ਦਸਿਆ ਕਿ ਇਸ ਮਾਮਲੇ ’ਚ ਪਾਕਿ-ਸਤਾਨ ਦੀ ਵਿਚੋਲਗੀ ਦੀਆਂ ਕੋਸ਼ਿਸ਼ਾਂ ’ਚ ਕੋਈ ਨਵੀਂ ਗੱਲ ਨਹੀਂ ਹੈ ਕਿਉਂਕਿ ਇਸ ਦੇਸ਼ ਨੂੰ ਅਮਰੀਕਾ 1981 ਤੋਂ ਵਰਤ ਰਿਹਾ ਹੈ। ਕਿਹਾ ਜਾਂਦਾ ਹੈ ਕਿ ਜੈਸ਼ੰਕਰ ਨੇ ਪਛਮੀ ਏਸ਼ੀਆ ਸੰਕਟ ਉਤੇ ਚਰਚਾ ਕਰਨ ਲਈ ਸੰਸਦ ਕੰਪਲੈਕਸ ’ਚ ਬੁਲਾਈ ਗਈ ਬੈਠਕ ’ਚ ਹਿੱਸਾ ਲੈਣ ਵਾਲਿਆਂ ਨੂੰ ਕਿਹਾ, ‘‘ਅਸੀਂ ਦਲਾਲ ਕੌਮ ਨਹੀਂ ਹਾਂ।’’

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਅਲਾਇੰਸ ਕਲੱਬ ਦੀ ਹੋਈ ਸਾਲਾਨਾ ਚੋਣ, ਦਵਿੰਦਰਪਾਲ ਸਿੰਘ ਬਣੇ ਪ੍ਰਧਾਨ

## ਜਸਦੀਪ ਸਿੰਘ ਧਾਰੀਵਾਲ ਸਕੱਤਰ, ਅਵਤਾਰ ਸਿੰਘ ਨੂੰ ਖਜ਼ਾਨਚੀ ਅਤੇ ਮਾ. ਸੰਜੀਵ ਧਰਮਾਣੀ ਨੂੰ ਪੀ ਆਰ ਓ ਚੁਣਿਆ

**ਪੱਤਰ ਪ੍ਰੇਰਕ, ਸ੍ਰੀ ਅਨੰਦਪੁਰ ਸਾਹਿਬ।** ਇੰਟਰਨੈਸ਼ਨਲ ਸਮਾਜਸੇਵੀ ਸੰਸਥਾ ਅਲਾਇੰਸ ਕਲੱਬ ਇੰਟਰਨੈਸ਼ਨਲ 126-ਐਨ ਦੇ ਸ੍ਰੀ ਅਨੰਦਪੁਰ ਸਾਹਿਬ ਕਲੱਬ ਦੀ 2026-27 ਲਈ ਅਹੁਦੇਦਾਰਾਂ ਦੀ ਚੋਣ ਲਈ ਜਨਰਲ ਬਾਡੀ ਮੀਟਿੰਗ ਅੱਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਾਬਕਾ ਜ਼ਿਲ੍ਹਾ ਗਵਰਨਰ ਅਤੇ ਸਾਬਕਾ ਇੰਟਰਨੈਸ਼ਨਲ ਕਮੇਟੀ ਚੇਅਰਮੈਨ ਡਾ : ਹਰਦਿਆਲ ਸਿੰਘ ਪੰਨੂ ਦੀ ਦੇਖਰੇਖ ਅਤੇ ਪ੍ਰਧਾਨ ਜਸਵਿੰਦਰ ਸਿੰਘ ਰਤਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਜਿੱਥੇ ਹਾਜ਼ਰ ਸਮੂਹ ਮੈਂਬਰਾਂ ਵਲੋਂ ਐਲੀ ਦਵਿੰਦਰਪਾਲ ਸਿੰਘ(ਪੱਤਰਕਾਰ) ਨੂੰ ਸਰਵਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ ਉੱਥੇ ਹੀ ਜਸਦੀਪ ਸਿੰਘ ਧਾਰੀਵਾਲ ਨੂੰ ਸਕੱਤਰ, ਅਵਤਾਰ ਸਿੰਘ ਨੂੰ ਖਜ਼ਾਨਚੀ ਅਤੇ ਮਾਸਟਰ ਸੰਜੀਵ ਧਰਮਾਣੀ ਨੂੰ ਪੀ ਆਰ ਓ ਚੁਣਿਆ ਗਿਆ। ਇਸ ਦੌਰਾਨ ਸਮੂਹ ਮੈਂਬਰਾਂ ਵਲੋਂ ਅਲਾਇੰਸ ਕਲੱਬ ਇੰਟਰਨੈਸ਼ਨਲ ਸ੍ਰੀ ਅਨੰਦਪੁਰ ਸਾਹਿਬ ਵਲੋਂ ਸਾਲ 2025-26 ਦੌਰਾਨ ਕੀਤੇ ਵਧੀਆ ਕੰਮਾਂ ਲਈ ਐਲੀ ਜਸਵਿੰਦਰ ਸਿੰਘ ਰਤਨ ਪ੍ਰਧਾਨ ਅਤੇ ਉਨ੍ਹਾਂ ਦੀ ਸਹਿਯੋਗੀ ਟੀਮ ਨੂੰ ਵਧਾਈ ਦਿਤੀ ਅਤੇ 2026-27 ਲਈ ਕੀਤੇ ਜਾਣ ਵਾਲੇ ਸਮਾਜ ਭਲਾਈ ਦੇ ਕੰਮਾਂ ਅਤੇ ਹੋਰ ਪ੍ਰਾਜੈਕਟਾਂ ਬਾਰੇ ਵੀ ਵਿਚਾਰ ਚਰਚਾ ਵੀ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਲੀ ਮਹਿੰਦਰਮੋਹਨ ਸਿੰਘ, ਐਲੀ ਗੁਰਪ੍ਰੀਤਮ ਸਿੰਘ, ਐਲੀ ਸੁਖਵਿੰਦਰ ਸਿੰਘ ਬਿੱਟੂ,ਐਲੀ ਅੰਕੁਸ਼ ਕੁਮਾਰ ਅਤੇ ਸਰਬਜੀਤ ਸਿੰਘ ਵੀ ਹਾਜ਼ਰ ਸਨ।



# ਰੂਸ ਦੇ ਗੈਰਕਾਨੂੰਨੀ ਤੇਲ ਲਿਜਾਣ ਵਾਲੇ ਜਹਾਜ਼ਾਂ ਖ਼ਿਲਾਫ਼ ਕਾਰਵਾਈ ਲਈ ਬ੍ਰਿਟੇਨ ਤਿਆਰ

**ਲੈਸਟਰ (ਇੰਗਲੈਂਡ), 26 ਮਾਰਚ (ਸੁਖਜਿੰਦਰ ਸਿੰਘ ਢੱਡੇ)-** ਬ੍ਰਿਟੇਨ ਦੀ ਸਰਕਾਰ ਨੇ ਰੂਸ ਵੱਲੋਂ ਗੈਰਕਾਨੂੰਨੀ ਤਰੀਕੇ ਨਾਲ ਤੇਲ ਦੀ ਆਵਾਜਾਈ ਕਰਨ ਵਾਲੇ ਜਹਾਜ਼ਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਤਿਆਰੀ ਕਰ ਲਈ ਹੈ। ਬ੍ਰਿਟੇਨ ਦੇ ਰੱਖਿਆ ਮੰਤਰੀ ਜੌਨ ਹੀਲੀ ਨੇ ਕਿਹਾ ਹੈ ਕਿ ਬ੍ਰਿਟਿਸ਼ ਫੌਜ ਹੁਣ ਦੇਸ਼ ਦੇ ਸਮੁੰਦਰੀ ਪਾਣੀਆਂ ਵਿੱਚ ਦਾਖਲ ਹੋਣ ਵਾਲੇ ਐਸੇ ਜਹਾਜ਼ਾਂ ਨੂੰ ਰੋਕਣ, ਉਨ੍ਹਾਂ ਦੀ ਜਾਂਚ ਕਰਨ ਅਤੇ ਲੋੜ ਪੈਣ 'ਤੇ ਕਬਜ਼ੇ ਵਿੱਚ ਲੈਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਦੱਸਿਆ ਕਿ ਰੂਸ ਉੱਤੇ ਲੱਗੀਆਂ ਅੰਤਰਰਾਸ਼ਟਰੀ ਪਾਬੰਦੀਆਂ ਤੋਂ ਬਚਣ ਲਈ ਕਈ ਜਹਾਜ਼ ਬਿਨਾਂ ਢੰਗ ਦੇ ਰਾਸ਼ਟਰੀ ਝੰਡੇ ਜਾਂ ਗਲਤ ਪਛਾਣ ਨਾਲ ਸਮੁੰਦਰਾਂ ਵਿੱਚ ਚੱਲ ਰਹੇ ਹਨ। ਇਹ ਜਹਾਜ਼ ਰੂਸ ਦਾ ਕੱਚਾ ਤੇਲ ਵੱਖ-ਵੱਖ ਦੇਸ਼ਾਂ ਤੱਕ ਪਹੁੰਚਾ ਰਹੇ ਹਨ ਅਤੇ ਇਸ ਤੋਂ ਹੋਣ ਵਾਲੀ ਆਮਦਨੀ ਯੂਕਰੇਨ ਖ਼ਿਲਾਫ਼ ਚੱਲ ਰਹੀ ਜੰਗ ਲਈ ਵਰਤੀ ਜਾ ਰਹੀ ਹੈ।

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਸ ਫੈਸਲੇ ਨੂੰ ਮਨਜ਼ੂਰੀ ਦਿੰਦਿਆਂ ਕਿਹਾ ਕਿ ਇਹ ਕਦਮ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਲਈ ਸਾਫ਼ ਸੰਦੇਸ਼ ਹੈ ਕਿ ਪੱਛਮੀ ਦੇਸ਼ ਉਸਦੀ ਜੰਗੀ ਕਾਰਵਾਈ ਨੂੰ ਮਾਲੀ ਮਦਦ ਮਿਲਣ ਨਹੀਂ ਦੇਣਗੇ। ਉਨ੍ਹਾਂ ਕਿਹਾ ਕਿ ਰੂਸ ਦੀ ਜੰਗ ਲਈ ਵਰਤੇ ਜਾ ਰਹੇ ਗੈਰਕਾਨੂੰਨੀ ਤੇਲ ਦੇ ਮੁਨਾਫੇ ਨੂੰ ਰੋਕਣਾ ਬਹੁਤ ਜ਼ਰੂਰੀ ਹੈ।

ਉੱਧਰ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਨਸਕੀ ਨੇ ਬ੍ਰਿਟੇਨ ਦੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਸਮੇਂਸਿਰ ਕਦਮ ਹੈ। ਉਨ੍ਹਾਂ ਕਿਹਾ ਕਿ ਜੇਕਰ ਰੂਸ ਦੀ ਗੈਰਕਾਨੂੰਨੀ ਤੇਲ ਆਮਦਨੀ ਨੂੰ ਰੋਕਿਆ ਜਾਂਦਾ ਹੈ ਤਾਂ ਇਸ ਨਾਲ ਯੂਰਪ ਦੀ ਸੁਰੱਖਿਆ ਮਜ਼ਬੂਤ ਹੋਵੇਗੀ ਅਤੇ ਯੂਕਰੇਨ ਵਿੱਚ ਚੱਲ ਰਹੀ ਜੰਗ ਨੂੰ ਖ਼ਤਮ ਕਰਨ ਵੱਲ ਵੀ ਮਦਦ ਮਿਲੇਗੀ।

ਸਰਕਾਰੀ ਜਾਣਕਾਰੀ ਅਨੁਸਾਰ ਰੂਸ ਦਾ ਲਗਭਗ ਪਚੱਤਰ ਫੀਸਦੀ ਕੱਚਾ ਤੇਲ ਪੁਰਾਣੇ ਜਹਾਜ਼ਾਂ ਰਾਹੀਂ ਲਿਜਾਇਆ ਜਾਂਦਾ ਹੈ। ਕਈ ਦੇਸ਼ਾਂ ਵੱਲੋਂ ਪੰਜ ਸੌ ਤੋਂ ਵੱਧ ਐਸੇ ਜਹਾਜ਼ਾਂ 'ਤੇ ਪਾਬੰਦੀਆਂ ਲਗਾਈਆਂ ਗਈਆਂ ਹਨ ਜਿਨ੍ਹਾਂ ਨੂੰ ਰੂਸ ਦੀ ਗੈਰਕਾਨੂੰਨੀ ਤੇਲ ਆਵਾਜਾਈ ਨਾਲ ਜੋੜਿਆ ਜਾਂਦਾ ਹੈ।

ਸੂਤਰਾਂ ਮੁਤਾਬਕ ਬ੍ਰਿਟਿਸ਼ ਸਮੁੰਦਰੀ ਫੌਜ ਦੇ ਦਸਤਿਆਂ ਨੇ ਪਿਛਲੇ ਕੁਝ ਹਫ਼ਤਿਆਂ ਦੌਰਾਨ ਵੱਖ-ਵੱਖ ਹਾਲਾਤਾਂ ਨਾਲ ਨਜਿੱਠਣ ਲਈ ਅਭਿਆਸ ਕੀਤਾ ਹੈ। ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਜੇਕਰ ਕਿਸੇ ਜਹਾਜ਼ ਦਾ ਦਲ ਵਿਰੋਧ ਕਰੇ ਜਾਂ ਟਕਰਾਅ ਦੀ ਸਥਿਤੀ ਬਣੇ ਤਾਂ ਉਸ ਨਾਲ ਕਿਵੇਂ ਨਜਿੱਠਿਆ ਜਾਵੇ। ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇਕਰ ਕੋਈ ਪਾਬੰਦੀਸ਼ੁਦਾ ਜਹਾਜ਼ ਬ੍ਰਿਟੇਨ ਦੇ ਸਮੁੰਦਰੀ ਪਾਣੀਆਂ ਵਿੱਚ ਦਾਖਲ ਹੁੰਦਾ ਹੈ ਤਾਂ ਉਸ ਖ਼ਿਲਾਫ਼ ਤੁਰੰਤ ਕਾਰਵਾਈ ਕੀਤੀ ਜਾ ਸਕਦੀ ਹੈ।

ਵਿਸ਼ਲੇਸ਼ਕਾਂ ਦੇ ਮੁਤਾਬਕ ਜੇਕਰ ਰੂਸ ਦੀ ਗੈਰਕਾਨੂੰਨੀ ਤੇਲ ਆਮਦਨੀ ਨੂੰ ਰੋਕਿਆ ਜਾਂਦਾ ਹੈ ਤਾਂ ਇਸ ਨਾਲ ਉਸਦੀ ਜੰਗੀ ਸਮਰਥਾ 'ਤੇ ਵੱਡਾ ਅਸਰ ਪੈ ਸਕਦਾ ਹੈ ਅਤੇ ਯੂਰਪ ਦੀ ਸੁਰੱਖਿਆ ਸਥਿਤੀ ਹੋਰ ਮਜ਼ਬੂਤ ਹੋ ਸਕਦੀ ਹੈ।

# ਜਿਲ੍ਹੇ ਦੇ ਅਕਾਲੀ ਆਗੂਆਂ ਵੱਲੋਂ ਲਾਲੀ ਬਾਜਵਾ ਦਾ ਕੀਤਾ ਗਿਆ ਸਨਮਾਨ

## ਪਾਰਟੀ ਨੂੰ ਮਜਬੂਤ ਕਰਕੇ ਅਕਾਲੀ ਦਲ ਦੀ ਸਰਕਾਰ ਬਣਾਈ ਜਾਵੇਗੀ : ਲਾਲੀ ਬਾਜਵਾ



**ਹੁਸ਼ਿਆਰਪੁਰ 26 ਮਾਰਚ ( ਤਰਸੇਮ ਦੀਵਾਨਾ )** - ਸ਼੍ਰੋਮਣੀ ਅਕਾਲੀ ਦਲ ਦੀ ਜ਼ਿਲ੍ਹਾ ਲੀਡਰਸ਼ਿਪ ਵੱਲੋ ਸ਼੍ਰੋਮਣੀ ਅਕਾਲੀ ਦਲ ਦੇ ਨਵ ਨਿਯੁਕਤ ਸੀਨੀਅਰ ਮੀਤ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਦਾ ਉਨ੍ਹਾਂ ਦੇ ਗ੍ਰਹਿ ਵਿਖੇ ਪੁੱਜ ਕੇ ਸਨਮਾਨ ਕੀਤਾ ਗਿਆ। ਇਸ ਸਨਮਾਨ ਸਮਾਗਮ ਦੌਰਾਨ ਇਕਬਾਲ ਸਿੰਘ ਖੇੜਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਟਕਸਾਲੀ ਅਕਾਲੀ ਆਗੂ ਅਤੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਦੀ ਲੰਬੇ ਸਮੇ ਦੀ ਅਣਥੱਕ ਮਿਹਨਤ, ਪਾਰਟੀ ਪ੍ਰਤੀ ਵਫ਼ਾਦਾਰੀ ਅਤੇ ਲੰਬੇ ਸਿਆਸੀ ਤਜਰਬੇ ਨੂੰ ਦੇਖਦਿਆ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ, ਜਿਸ ਨਾਲ ਸਮੁੱਚੇ ਜ਼ਿਲ੍ਹੇ ਚ ਖੁਸ਼ੀ ਦੀ ਲਹਿਰ ਹੈ। ਜਤਿੰਦਰ ਸਿੰਘ ਲਾਲੀ ਬਾਜਵਾ ਨੇ ਕਿਹਾ ਕਿ ਪਾਰਟੀ ਨੇ ਉਨ੍ਹਾਂ 'ਤੇ ਭਰੋਸਾ ਕਰਦਿਆ ਇਹ ਜ਼ਿੰਮੇਵਾਰੀ ਸੌਂਪੀ ਹੈ ਅਤੇ ਉਹ ਆਉਣ ਵਾਲੇ ਸਮੇ 'ਚ ਪਾਰਟੀ ਨੂੰ ਸੂਬਾ, ਜ਼ਿਲ੍ਹਾ ਅਤੇ ਬੂਥ ਲੈਵਲ ਤੱਕ ਮਜ਼ਬੂਤ ਕਰਕੇ ਆਉਣ ਵਾਲੀਆ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਦਿਨ ਰਾਤ ਇਕ ਕਰ ਦੇਣਗੇ। ਅਖੀਰ 'ਚ ਬਰਿੰਦਰ ਸਿੰਘ ਪਰਮਾਰ ਜਿਲ੍ਹਾ ਸਕੱਤਰ ਜਨਰਲ ਨੇ ਲਾਲੀ ਬਾਜਵਾ ਨੂੰ ਵਧਾਈ ਦਿੰਦਿਆ ਆਏ ਹੋਏ ਸਮੂਹ ਅਹੁਦੇਦਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਨੀ ਗਿੱਲ ਝਿੰਜਰ, ਹਰਪ੍ਰੀਤ ਸਿੰਘ ਬੇਦੀ, ਬਲਰਾਜ ਸਿੰਘ ਚੌਹਾਨ, ਸੰਤ ਸਿੰਘ ਜੰਡੌਰ, ਸਰਬਜੀਤ ਸਿੰਘ ਬਡਵਾਲ, ਲਖਵਿੰਦਰ ਸਿੰਘ ਠੱਕਰ, ਕੁਲਦੀਪ ਸਿੰਘ ਬੱਬੂ ਬਜਵਾੜਾ, ਹਰਭਜਨ ਸਿੰਘ ਧਾਲੀਵਾਲ, ਰਵਿੰਦਰ ਪਾਲ ਸਿੰਘ ਮਿੰਟੂ, ਗੁਰਪ੍ਰੀਤ ਸਿੰਘ ਕੋਹਲੀ, ਪ੍ਰਭਜੋਤ ਸੈਬ, ਕੁਲਬੀਰ ਸਿੰਘ ਰੇਲਵੇ ਮੰਡੀ , ਸਰਬਜੀਤ ਸਾਬੀ, ਜਤਿੰਦਰ ਸਿੰਘ ਰੀਹਲ ਆਦਿ ਹਾਜ਼ਰ ਸਨ ।

**ਫੋਟੋ ਅਜਮੇਰ ਦੀਵਾਨਾ**

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਨਵਾਂਸ਼ਹਿਰ ਦੇ ਪਬਲਿਕ ਪਾਰਕਾਂ ਦੀ ਨੁਹਾਰ ਬਦਲਣ ਲਈ ਚੇਅਰਮੈਨ ਸਤਨਾਮ ਜਲਾਲਪੁਰ ਸਰਗਰਮ; ਵਾਰਡ ਨੰ. 6 ਲਈ ਲੱਖਾਂ ਦੀ ਗ੍ਰਾਂਟ ਜਾਰੀ

**ਨਵਾਂਸ਼ਹਿਰ26 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅਤੇ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਸ੍ਰੀ ਸਤਨਾਮ ਸਿੰਘ ਜਲਾਲਪੁਰ ਵੱਲੋਂ ਨਵਾਂਸ਼ਹਿਰ ਦੇ ਵਾਰਡ ਨੰਬਰ 6 ਵਿੱਚ ਸਥਿਤ ਪਬਲਿਕ ਪਾਰਕ ਦੇ ਵਿਕਾਸ ਲਈ 2,26,000 ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ। ਇਹ ਰਾਸ਼ੀ ਵਿੱਚ ਸੌਂਪਿਆ ਚੈੱਕ ਉਨ੍ਹਾਂ ਨੇ ਆਪਣੇ ਅਖ਼ਤਿਆਰੀ ਕੋਟੇ ਵਿੱਚੋਂ ਪਾਰਕ ਵਿੱਚ ਜਨਤਕ ਵਾਸ਼ਰੂਮ ਦੀ ਉਸਾਰੀ ਲਈ ਮੁਹੱਈਆ ਕਰਵਾਈ ਹੈ।

ਇਸ ਮੌਕੇ ਸੰਬੋਧਨ ਕਰਦਿਆਂ ਸਤਨਾਮ ਜਲਾਲਪੁਰ ਨੇ ਕਿਹਾ ਕਿ ਵਾਰਡ ਨੰਬਰ 6 ਦਾ ਇਹ ਪਾਰਕ ਬਹੁਤ ਹੀ ਮਿਹਨਤ ਨਾਲ ਉਸਾਰਿਆ ਗਿਆ ਹੈ ਅਤੇ 'ਮਿਊਂਸੀਪਲ ਪਬਲਿਕ ਪਾਰਕ ਮੈਨੇਜਮੈਂਟ ਕਮੇਟੀ' ਇਸ ਦੀ ਸਾਂਭ-ਸੰਭਾਲ ਬਹੁਤ ਵਧੀਆ ਤਰੀਕੇ ਨਾਲ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਕਮੇਟੀ ਦੇ ਮੁਖੀ ਰਿਟਾਇਰਡ ਡੀ.ਐਸ.ਪੀ. ਸ. ਦੀਦਾਰ ਸਿੰਘ ਜੀ ਨੇ ਪਾਰਕ ਵਿੱਚ ਵਾਸ਼ਰੂਮ ਦੀ ਜ਼ਰੂਰਤ ਬਾਰੇ ਜਾਣੂ ਕਰਵਾਇਆ



ਸੀ, ਜਿਸ ਨੂੰ ਮੁੱਖ ਰੱਖਦਿਆਂ ਇਹ ਗ੍ਰਾਂਟ ਤੁਰੰਤ ਪ੍ਰਵਾਨ ਕੀਤੀ ਗਈ। ਗ੍ਰਾਂਟ ਜਾਰੀ ਕਰਨ ਸਮੇਂ ਨਵਾਂਸ਼ਹਿਰ ਦੇ ਹਲਕਾ ਇੰਚਾਰਜ ਸ੍ਰੀ ਲਲਿਤ ਮੋਹਨ ਪਾਠਕ, ਮਾਰਕੀਟ ਕਮੇਟੀ ਦੇ ਚੇਅਰਮੈਨ ਗਗਨ ਅਗਨੀਹੋਤਰੀ ਅਤੇ ਜਾਡਲਾ ਦੇ ਸਰਪੰਚ ਵਿਨੀਤ ਰਾਣਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਜੀਤ ਸਿੰਘ ਮੁੱਖ ਸੇਵਾਦਾਰ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ, ਵਿਨੋਦ ਕੁਮਾਰ ਪਿੰਕਾ ਸਾਬਕਾ ਐਮਸੀ, ਦੀਦਾਰ ਸਿੰਘ ਗਹੂੰਣ, ਮੋਹਿੰਦਰ ਪਾਲ, ਬਖਸ਼ੀਸ਼ ਸਿੰਘ, ਗੁਰਪਾਲ ਸਿੰਘ, ਜਗਜੀਤ ਸਿੰਘ ਸੈਣੀ, ਇੰਦਰਜੀਤ ਸ਼ਰਮਾ, ਗਿਆਨ ਸਿੰਘ, ਪਰਮਜੀਤ ਸਿੰਘ ਕੰਦੋਲਾ, ਰਾਮ-ਪਾਲ ਰਾਏ, ਸੋਮ ਸਿੰਘ, ਬਲਬੁਧ ਸਿੰਘ ਬਾਂਸਲ, ਮਨਮੋਹਣ ਸਿੰਘ, ਅਨੂਪ ਨਈਅਰ, ਮਨਮੋਹਣ ਸਿੰਘ ਦਿਆਲ, ਬ੍ਰਿਜ ਭੂਸ਼ਣ ਹਾਂਡਾ, ਸਤਨਾਮ ਸਿੰਘ, ਵਿਨੋਦ ਅਗਨੀਹੋਤਰੀ, ਬਲਵਿੰਦਰ ਸਿੰਘ, ਰਸ਼ਪਾਲ ਚੰਦਰ ਅਤੇ ਕੁਲਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਵਾਰਡ ਨਿਵਾਸੀ ਵੀ ਮੌਜੂਦ ਸਨ।

# ਜ਼ਿਲ੍ਹੇ ਵਿਚ ਸ਼ੋਰ ਪ੍ਰਦੂਸ਼ਣ ਸਬੰਧੀ ਮਨਾਹੀ ਦੇ ਹੁਕਮ ਜਾਰੀ

**ਨਵਾਂਸ਼ਹਿਰ, 26 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਮੈਜਿਸਟ੍ਰੇਟ ਸ਼ਹੀਦ ਭਗਤ ਸਿੰਘ ਗੁਲਪ੍ਰੀਤ ਸਿੰਘ ਔਲਖ ਵੱਲੋਂ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਰਿੱਟ ਪਟੀਸ਼ਨ (ਸਿਵਲ) ਨੰਬਰ 72 ਆਫ਼ 1998 ਵਿਚ ਕੀਤੇ ਹੁਕਮ ਮਿਤੀ 18.07.2005, ਭਾਰਤ ਸਰਕਾਰ ਵੱਲੋਂ ਜਾਰੀ 'ਸ਼ੋਰ ਪ੍ਰਦੂਸ਼ਣ (ਰੈਗੂਲੇਸ਼ਨ ਐਂਡ ਕੰਟਰੋਲ) ਰੂਲਜ਼, 2000' ਤਹਿਤ ਜਾਰੀ ਨੋਟੀਫਿਕੇਸ਼ਨ ਮਿਤੀ 14.02.2000 ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵੱਲੋਂ ਸਿਵਲ ਰਿੱਟ ਪਟੀਸ਼ਨ 6213 ਆਫ਼ 2016 ਵਿਚ ਮਿਤੀ 22.07.2019 ਨੂੰ ਪਾਸ ਕੀਤੇ ਹੁਕਮਾਂ ਦੀ ਪਾਲਣਾ ਵਿਚ ਸ਼ੋਰ ਪ੍ਰਦੂਸ਼ਣ 'ਤੇ ਰੋਕ ਅਤੇ ਨਿਯੰਤਰਣ ਲਈ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਵੱਖ-ਵੱਖ ਸੰਸਥਾਵਾਂ ਅਤੇ ਅਦਾਰਿਆਂ ਲਈ ਮਨਾਹੀ ਦੇ ਹੁਕਮ ਜਾਰੀ ਕੀਤੇ ਗਏ ਹਨ। ਇਨ੍ਹਾਂ ਹੁਕਮਾਂ ਅਨੁਸਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਜਥੇਬੰਦੀਆਂ ਦੇ ਲੀਡਰਾਂ ਤੇ ਅਹੁਦੇਦਾਰਾਂ ਵੱਲੋਂ ਕੀਤੇ ਜਾਣ ਵਾਲੇ ਜਲਸਿਆਂ, ਰੈਲੀਆਂ, ਰੋਸ ਧਰਨੇ ਆਦਿ, ਕਿਸੇ ਵੀ ਐਨ.ਜੀ.ਓਜ਼, ਪ੍ਰਾਈਵੇਟ, ਸਮਾਜਿਕ, ਮੰਦਿਰਾਂ, ਮਸਜਿਦਾਂ ਅਤੇ ਗੁਰਦੁਆਰਿਆਂ ਦੀਆਂ ਪ੍ਰਬੰਧਕੀ ਸੰਸਥਾਵਾਂ, ਵਪਾਰਕ



ਸੰਸਥਾਵਾਂ/ਅਦਾਰਿਆਂ ਆਦਿ ਦੇ ਪ੍ਰਬੰਧਕਾਂ/ਅਹੁਦੇਦਾਰਾਂ ਵੱਲੋਂ ਵੱਖ-ਵੱਖ ਪ੍ਰੋਗਰਾਮ, ਸਮਾਗਮ ਆਦਿ ਮੌਕੇ 'ਤੇ ਕਿਸੇ ਵੀ ਬਿਲਡਿੰਗ, ਪਬਲਿਕ ਸਥਾਨਾਂ, ਖੁੱਲ੍ਹੇ ਸਥਾਨਾਂ, ਪੰਡਾਲਾਂ ਵਿਚ ਲਾਊਡ ਸਪੀਕਰ ਆਦਿ ਦੀ ਵਰਤੋਂ ਲਈ ਅਤੇ ਕਿਸੇ ਵੱਲੋਂ ਵੀ ਵਿਆਹਾਂ-ਸ਼ਾਦੀਆਂ, ਖੁਸ਼ੀ ਦੇ ਮੌਕਿਆਂ ਅਤੇ ਹੋਰ ਵੱਖ-ਵੱਖ ਮੌਕਿਆ ਆਦਿ ਤੇ ਮੈਰਿਜ ਪੈਲੇਸਾਂ, ਕਲੱਬਾਂ, ਹੋਟਲਾਂ ਅਤੇ ਖੁੱਲ੍ਹੇ ਸਥਾਨਾਂ ਆਦਿ ਵਿਚ ਡੀ. ਜੇ, ਆਰਕੈਸਟਰਾ, ਸੰਗੀਤਕ ਯੰਤਰ ਆਦਿ ਦੀ ਵਰਤੋਂ ਕਿਸੇ ਵੀ ਸਮੇਂ (ਦਿਨ ਜਾਂ ਰਾਤ), ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸੋਂ ਪੰਜਾਬ ਇੰਸਟਰੂਮੈਂਟ (ਕੰਟਰੋਲ ਆਫ਼ ਨੁਆਇਸ) ਐਕਟ, 1956 ਵਿਚ ਦਰਜ ਸ਼ਰਤਾਂ ਤਹਿਤ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਚਲਾਏ ਜਾਣਗੇ। ਲਿਖਤੀ ਪ੍ਰਵਾਨਗੀ ਲੈਣ ਉਪਰੰਤ ਇਹ ਅੰਡਰਟੇਕਿੰਗ ਦੇਣੀ ਪਵੇਗੀ ਕਿ ਆਵਾਜ਼ ਦਾ ਪੱਧਰ 10 ਡੀ ਬੀ (ਏ) ਤੋਂ ਜ਼ਿਆਦਾ ਨਹੀਂ ਹੋਵੇਗਾ। ਇਸ ਦੇ ਨਾਲ ਹੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਜਾਰੀ ਹਦਾਇਤਾਂ ਮੁਤਾਬਿਕ ਇਮਤਿਹਾਨਾਂ ਦੇ ਦਿਨਾਂ 'ਚ ਪ੍ਰੀਖਿਆ ਤੋਂ 15 ਦਿਨ ਪਹਿਲਾਂ ਕਿਸੇ ਵੀ ਲਾਊਡ ਸਪੀਕਰ ਆਦਿ ਦੀ ਪ੍ਰਵਾਨਗੀ ਨਾ ਦੇਣਾ ਸਬੰਧਤ ਉਪ ਮੰਡਲ ਮੈਜਿਸਟਰੇਟ ਯਕੀਨੀ ਬਣਾਉਣਗੇ।

ਇਸੇ ਤਰ੍ਹਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਲਾਊਡ ਸਪੀਕਰ ਅਤੇ ਕਿਸੇ ਵੀ ਹੋਰ ਸੰਗੀਤਕ ਯੰਤਰ ਆਦਿ ਚਲਾਉਣ ਦੀ ਪ੍ਰਵਾਨਗੀ ਲੈਣ ਦੇ ਬਾਵਜੂਦ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਉਕਤ ਕਿਸੇ ਵੀ ਆਵਾਜ਼ੀ ਅਤੇ ਸੰਗੀਤਕ ਯੰਤਰਾਂ ਆਦਿ ਦੇ ਕਿਸੇ ਵੀ ਬਿਲਡਿੰਗ ਵਿਚ ਅਤੇ ਸਥਾਨ 'ਤੇ ਚਲਾਉਣ/ਵਜਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ, ਸਿਵਾਏ ਸੱਭਿਆਚਾਰਕ ਤੇ ਧਾਰਮਿਕ ਮੌਕਿਆਂ 'ਤੇ ਰਾਤ 10 ਵਜੇ ਤੋਂ 12 ਵਜੇ ਤੱਕ, ਜਿਹੜੇ ਕਿ ਪੂਰੇ ਸਾਲ ਵਿਚ 15 ਦਿਨਾਂ ਤੋਂ ਵੱਧ ਨਹੀਂ ਹੋਣਗੇ ਅਤੇ ਆਵਾਜ਼ ਦਾ ਪੱਧਰ 10 ਡੀ ਬੀ (ਏ) ਤੋਂ ਜ਼ਿਆਦਾ ਨਹੀਂ ਹੋਵੇਗਾ। ਇਸ ਤੋਂ ਇਲਾਵਾ ਨਿੱਜੀ ਮਲਕੀਅਤ ਵਾਲੇ ਸਾਊਂਡ ਸਿਸਟਮ ਅਤੇ ਆਵਾਜ਼ ਪੈਦਾ ਕਰਨ ਵਾਲੇ ਯੰਤਰਾਂ ਦੀ ਆਵਾਜ਼ ਦਾ ਪੱਧਰ 5 ਡੀ ਬੀ (ਏ) ਤੋਂ ਜ਼ਿਆਦਾ ਨਹੀਂ ਹੋਵੇਗਾ।

# ਸਮਾਜ ਸੇਵੀ ਸੰਸਥਾਵਾਂ ਦੀ ਇੱਕਮੁੱਠਤਾ ਬੇਹੱਦ ਸ਼ਲਾਘਾਯੋਗ ਕਦਮ : ਢੋਸੀਵਾਲ

## ਮਾਮਲਾ ਮਰੀਜਾਂ ਦੀ ਫਿਕਰਮੰਦੀ ਦਾ

**ਫ਼ਰੀਦਕੋਟ (ਸ਼ਿਵਨਾਥ )** ਪੰਜਾਬ ਦੀ ਮੈਡੀਕਲ ਖੇਤਰ ਨਾਲ ਸਬੰਧਤ ਇੱਕੋ ਇਕ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਅਧੀਨ ਸਥਾਨਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਚੱਲ ਰਿਹਾ ਹੈ। ਯੂਨੀਵਰਸਿਟੀ ਦੇ ਵਾਇਸ ਚਾਂਸਲਰ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਯੂਰੋਲੋਜਿਸਟ ਡਾ. ਰਾਜੀਵ ਸੂਦ ਨੇ ਆਪਣਾ ਅਹੁਦਾ ਸੰਭਾਲਦਿਆਂ ਹੀ ਇਸ ਹਸਪਤਾਲ ਦੇ ਮਿਆਰ ਨੂੰ ਉੱਚਾ ਚੁੱਕਣ ਅਤੇ ਮਰੀਜਾਂ ਦੀ ਸੇਵਾ ਸੰਭਾਲ ਲਈ ਮਿਸਾਲੀ ਅਤੇ ਇਤਿਹਾਸਕ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਸਨ। ਐਮ.ਬੀ.ਬੀ.ਐੱਸ., ਕੋਰਸ ਲਈ ਸੀਟਾਂ ਵਿੱਚ ਸੈਂਕੜਿਆਂ ਦੀ ਗਿਣਤੀ 'ਚ ਵਾਧਾ ਕਰਵਾਇਆ ਹੈ। ਹਸਪਤਾਲ ਅੰਦਰ ਮਹਿੰਗੀਆਂ ਜੀਵਨ ਰੱਖਿਅਕ ਮਸ਼ੀਨਾਂ ਦੀ ਖਰੀਦ ਕੀਤੀ ਗਈ ਹੈ। ਪਿਛਲੇ ਦਿਨੀਂ ਲਿਵਰ ਦੀ ਰੋਬੋਟ ਸਰਜਰੀ ਦਾ ਇਤਿਹਾਸਕ ਕਾਰਜ ਵੀ ਸ਼ੁਰੂ ਕਰਵਾਇਆ ਹੈ। ਐਨਾ ਹੀ ਨਹੀਂ ਵਾਇਸ ਚਾਂਸਲਰ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਬੀ.ਐਫ.ਯੂ.ਐਚ.ਐਸ. ਨੂੰ ਅੰਤਰ ਰਾਸ਼ਟਰੀ ਪੱਧਰ 'ਤੇ ਗਰੀਨ ਯੂਨੀਵਰਸਿਟੀ ਦਾ ਖਿਤਾਬ ਵੀ ਮਿਲਿਆ ਹੈ। ਯੂਨੀਵਰਸਿਟੀ ਅੰਤਰ ਯੋਗ ਉਮੀਦਵਾਰਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ ਅਤੇ ਸੇਵਾ ਸ਼ਰਤਾਂ ਪੂਰੀਆਂ ਕਰਨ ਵਾਲੇ ਸੀਨੀਅਰ ਕਰਮਚਾਰੀਆਂ ਦੀਆਂ ਤਰੱਕੀਆਂ ਕੀਤੀਆਂ ਗਈਆਂ ਹਨ। ਪੰਜਾਬ ਸਰਕਾਰ ਨੇ ਵਾਇਸ ਚਾਂਸਲਰ ਡਾ. ਸੂਦ ਦੀ ਪ੍ਰਬੰਧਕੀ



ਕਾਰਜ ਕੁਸ਼ਲਤਾ ਨੂੰ ਦੇਖਦੇ ਹੋਏ ਰਾਜ ਦੇ ਸਾਰੇ ਨਰਸਿੰਗ ਅਤੇ ਫਾਰਮੇਸੀ ਕਾਲਜਾਂ ਦੀ ਕੰਟਰੋਲਿੰਗ ਬਾਡੀ ਦਾ ਜਿੰਮਾ ਵੀ ਬਾਬਾ ਫਰੀਦ ਯੂਨੀਵਰਸਿਟੀ ਨੂੰ ਦਿੱਤਾ ਹੈ। ਕੁਝ ਸਰਕਾਰੀ ਸਿਵਲ ਹਸਪਤਾਲ ਵੀ ਯੂਨੀਵਰਸਿਟੀ ਅਧੀਨ ਕੀਤੇ ਗਏ ਹਨ। ਮੈਡੀਕਲ ਕਾਲਜ ਅਤੇ ਯੂਨੀਵਰਸਿਟੀ ਅੰਦਰ ਕੀਤੇ ਗਏ ਉਕਤ ਸ਼ਲਾਘਾਯੋਗ ਕਾਰਜਾਂ ਲਈ ਸਾਰੇ ਪਾਸਿਓਂ ਸੂਝਵਾਨ ਵਿਅਕਤੀ ਵੱਲੋਂ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਸੰਸਥਾਪਕ ਚੇਅਰਮੈਨ ਅਤੇ ਆਲ ਇੰਡੀਆ ਐਸ.ਸੀ./ਬੀ.ਸੀ./ਐਸ.ਟੀ. ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਨੇ ਅੱਜ ਸਥਾਨਕ ਸਾਦਿਕ ਰੋਡ ਸਥਿਤ ਆਪਣੀ ਰਿਹਾਇਸ਼ ਤੋਂ ਪ੍ਰੈਸ ਨਾਲ ਉਕਤ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਹੈ ਕਿ ਵਾਇਸ ਚਾਂਸਲਰ ਡਾ. ਰਾਜੀਵ ਸੂਦ ਵੱਲੋਂ ਯੂਨੀਵਰਸਿਟੀ ਅਤੇ ਮੈਡੀਕਲ ਕਾਲਜ ਲਈ ਕੀਤੇ ਗਏ ਲਾਮਿਸਾਲੀ ਸੁਧਾਰਾਂ ਲਈ ਉਨ੍ਹਾਂ ਨੂੰ ਸਦਾ ਯਾਦ ਰੱਖਿਆ ਜਾਵੇਗਾ ਅਤੇ ਉਨ੍ਹਾਂ ਦੇ ਕਾਰਜਕਾਲ ਨੂੰ ਸੁਨਿਹਰੀ ਕਾਲ ਵਜੋਂ ਜਾਣਿਆ ਜਾਵੇਗਾ। ਢੋਸੀਵਾਲ ਨੇ ਅੱਗੇ ਕਿਹਾ ਹੈ ਕਿ ਕੁਝ ਵਿਅਕਤੀਆਂ ਵੱਲੋਂ ਆਪਣੇ ਛੁਪੇ ਏਜੰਡਿਆਂ ਅਤੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਜਾਣ ਬੁਝ ਕੇ ਯੂਨੀਵਰਸਿਟੀ ਅਤੇ ਵਾਇਸ ਚਾਂਸਲਰ ਡਾ. ਸੂਦ ਦੇ ਅਕਸ ਨੂੰ ਖਰਾਬ ਦੇ ਮੰਤਵ ਨਾਲ ਬੇਲੋੜੀ ਅਲੋਚਨਾ ਕੀਤੀ ਜਾ ਰਹੀ ਹੈ ਜੋ ਕਿ ਸਰਾਸਰ ਬੇਬੁਨਿਆਦ ਅਤੇ ਗਲਤ ਹੈ। ਐਨਾ ਹੀ ਨਹੀਂ ਇਸ ਮਾਮਲੇ ਵਿੱਚ ਕੁਝ ਵਿਅਕਤੀ ਆਮ ਜਨਤਾ ਨੂੰ ਵੀ ਗੁੰਮਰਾਹ ਵੀ ਕਰ ਰਹੇ ਹਨ। ਢੋਸੀਵਾਲ ਨੇ ਅੱਗੇ ਕਿਹਾ ਹੈ ਕਿ ਸ਼ਹਿਰ ਦੀਆਂ ਪ੍ਰਮੁੱਖ ਸਮਾਜ ਸੇਵੀ ਸੰਸਥਾਵਾਂ ਅਤੇ ਸੂਝਵਾਨ ਵਿਅਕਤੀਆਂ ਨੇ ਮੈਡੀਕਲ ਕਾਲਜ ਦੇ ਮਰੀਜਾਂ ਦੇ ਦੇਖ ਭਾਲ ਅਤੇ ਉਨ੍ਹਾਂ ਦੀ ਇਲਾਜ ਦੀ ਚੱਲ ਰਹੀ ਮੌਜੂਦਾ ਵਧੀਆ ਲਹਿਰ ਵਿੱਚ ਹੋਰ ਨਿਖਾਰ ਲਿਆਉਣ ਅਤੇ ਯੂਨੀਵਰਸਿਟੀ ਦੇ ਪ੍ਰਬੰਧ ਨੂੰ ਹੋਰ ਸੁਧਾਰਨ ਦੇ ਮੰਤਵ ਨਾਲ ਇੱਕਮੁੱਠਤਾ ਦਾ ਪ੍ਰਗਟਾਵਾ ਕੀਤਾ ਹੈ। ਅਜਿਹੀਆਂ ਸੰਸਥਾਵਾਂ ਨੇ ਇਹਨਾਂ ਸੁਧਾਰਾਂ ਲਈ ਵਾਇਸ ਚਾਂਸਲਰ ਡਾ. ਸੂਦ ਨਾਲ ਗੱਲਬਾਤ ਕਰਨ ਦਾ ਵੀ ਫੈਸਲਾ ਕੀਤਾ ਹੈ। ਪ੍ਰਧਾਨ ਢੋਸੀਵਾਲ ਨੇ ਇਨ੍ਹਾਂ ਜਥੇਬੰਦੀਆਂ ਦੇ ਇਸ ਉਪਰਾਲੇ ਦੀ ਪੁਰਜੋਰ ਸ਼ਬਦਾਂ ਵਿੱਚ ਸ਼ਲਾਘਾ ਕਰਦੇ ਹੋਏ ਕਿਹਾ ਹੈ ਕਿ ਉਨ੍ਹਾਂ ਦੀ ਸੰਸਥਾ ਸਦਾ ਹੀ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਰਾਜੀਵ ਸੂਦ ਵੱਲੋਂ ਉਠਾਏ ਜਾਣ ਵਾਲੇ ਸਾਰੇ ਹੀ ਜਾਇਜ ਅਤੇ ਕਾਨੂੰਨੀ ਕੰਮਾਂ ਵਿੱਚ ਪੂਰਨ ਸਮਰਥਨ ਅਤੇ ਸਹਿਯੋਗ ਕਰਦੀ ਰਹੇਗੀ।

# ਸ਼ਹੀਦਾਂ ਦੀਆਂ ਯਾਦਗਾਰ ਬਣਾਉਣ ਅਤੇ ਇਨਕਲਾਬ ਯਾਤਰਾਵਾਂ ਕਰਵਾਉਣ ਦੀ ਵਿਸ਼ੇਸ਼ ਲੋੜ- ਪ੍ਰਿੰ. ਕਰਨਾਣਾ

**ਨਵਾਂਸ਼ਹਿਰ 26 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਸ਼ਹੀਦੇ-ਆਜਮ ਸ. ਭਗਤ ਸਿੰਘ, ਰਾਜਗੁਰੂ, ਸੁਖਦੇਵ ਜੀ ਸ਼ਹੀਦੀ ਦਿਹਾੜੇ ਮੌਕੇ ਬੰਗਾ ਤੋਂ ਇੱਕ ਵਫਦ ਪ੍ਰਿੰਸੀਪਲ ਸ. ਹਰਭਜਨ ਸਿੰਘ ਕਰਨਾਣਾ ਦੀ ਅਗਵਾਈ ਵਿੱਚ ਹੁਸੈਨੀਵਾਲ ਲਈ ਰਵਾਨਾ ਹੋਇਆ। ਇਸ ਮੌਕੇ ਪ੍ਰਿੰ. ਸ. ਹਰਭਜਨ ਸਿੰਘ ਨੇ ਕਿਹਾ ਕਿ ਦੇਸ਼ ਦੀਆਂ ਸਰਕਾਰਾਂ ਅਜੇ ਤੱਕ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੀਆ ਹਨ, ਜੇਕਰ ਉਹ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਸਹੀ ਮੁੱਲ ਪਾਉਣਾ ਚਾਹੁੰਦੀਆਂ ਹਨ ਤਾਂ ਉਨਾਂ ਨੂੰ ਦੇਸ਼ ਦੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜਗਾਰ, ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੇ ਖਾਤਮੇ ਲਈ ਅਹਿਮ ਉਪਰਾਲੇ ਕਰਨ ਦੀ ਲੋੜ ਹੈ। ਅਜਿਹਾ ਕਰਨ ਨਾਲ ਤਾਂ ਹੀ ਸ਼ਹੀਦਾਂ ਨੂੰ ਸੱਚੀ ਤੇ ਸੁੱਚੀ ਸ਼ਰਧਾਂਜਲੀ ਦਿੱਤੀ ਜਾ ਸਕਦੀ ਹੈ। ਉਨਾਂ ਸਰਕਾਰ ਤੋਂ ਇਹ ਵੀ ਮੰਗ ਕੀਤੀ ਕਿ ਜਿਥੇ ਸਰਕਾਰ ਵੱਲੋਂ ਧਾਰਮਿਕ ਸਥਾਨਾ ਵਾਸਤੇ ਯਾਤਰਾਵਾਂ



ਕਰਵਾਈਆਂ ਜਾ ਰਹੀਆਂ ਹਨ ਉਥੇ ਹੀ ਪੰਜਾਬ ਵਿੱਚ ਸ਼ਹੀਦਾਂ ਦੀਆਂ ਜਿੱਥੇ-ਜਿੱਥੇ ਵੀ ਯਾਦਗਾਰ ਸਥਾਪਿਤ ਹਨ ਉਥੇ ਬੱਚਿਆਂ ਤੋਂ ਲੈ ਕੇ ਵੱਡਿਆਂ ਲਈ "ਇਨਕਲਾਬ ਯਾਤਰਾਵਾਂ" ਚਲਾਈਆਂ ਜਾਣੀਆਂ ਚਾਹੀਦੀਆਂ ਹਨ ਅਤੇ ਸ਼ਹੀਦਾਂ ਦੀਆਂ ਯਾਦਗਾਰ ਸਥਾਪਿਤ ਕਰਵਾਉਣ ਲਈ ਵੀ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਨੌਜਵਾਨਾਂ ਇਨ੍ਹਾਂ ਸੁਰਬੀਰਾਂ ਦੀਆਂ ਕੁਰਬਾਨੀਆਂ ਤੇ ਸੇਧ ਲੈ ਕੇ ਸਕਣ। ਉਨਾਂ ਦੱਸਿਆ ਕਿ ਉਨਾਂ ਦਾ ਵਫਦ ਫਿਰੋਜਪੁਰ ਜਿਲ੍ਹੇ ਦੇ ਸਰਹੱਦੀ ਪਿੰਡ ਸਤਲੁਜ ਦੇ ਕੰਢੇ ਤੇ ਹੁਸੈਨੀਵਾਲਾ ਵਿਖੇ ਸ਼ਹੀਦੇ-ਆਜਮ ਸ. ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀਆਂ ਸਮਾਧੀਆਂ ਅਤੇ ਗੁਰਦੁਆਰਾ ਟਿੱਲਾ ਬਾਬਾ ਫਰੀਦ ਜੀ ਦੇ ਸਥਾਨ ਤੇ ਨੱਤਮਸਤਿਕ ਹੋਇਆ। ਇਸ ਮੌਕੇ ਉਨਾਂ ਨਾਲ ਜਥੇਦਾਰ ਤਰਲੋਕ ਸਿੰਘ ਫਲੋਰਾ, ਸ. ਰੇਸ਼ਮ ਸਿੰਘ ਜੀਂਦੋਵਾਲ, ਸ. ਹਰਭਜਨ ਸਿੰਘ ਅਰੋੜਾ ਬੰਗਾ, ਖੁਸ਼ੀ ਰਾਮ ਗੁਣਾਚੌਰ, ਗਗਨ ਹੱਪੋਵਾਲ ਸਨ।

# ਪੰਜਾਬੀ ਨੋਜਵਾਨ ਰੋਜ਼ੀ ਰੋਟੀ ਲਈ ਵਿਦੇਸ਼ ਜਾ ਰਹੇ ਹਨ,ਪਰ ਪ੍ਰਵਾਸੀਆਂ ਦੇ ਬੱਚੇ ਪੜ੍ਹਾਈ ਦੇ ਨਾਲ ਨਾਲ ਕਰ ਰਹੇ ਹਨ ਕਮਾਈ

**ਨਵਾਂਸ਼ਹਿਰ /ਕਾਠਗੜ੍ਹ 26 ਮਾਰਚ (ਜਤਿੰਦਰਪਾਲ ਸਿੰਘ ਕਲੇਰ)-** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਪ੍ਰਵਾਸੀਆਂ ਵਲੋਂ ਕਿਸੇ ਨੇ ਜੂਸ ਦੀ ਰੇਹੜੀ ,ਕਿਸੇ ਨੇ ਗੰਨੇ ਦੀ ਰਸ ਦੀ ਰੇਹੜੀ, ਫਲ , ਸਬਜੀਆਂ ਅਤੇ ਹੋਰ ਕਈ ਤਰ੍ਹਾਂ ਦਾ ਸਮਾਨ ਵੇਚ ਕੇ ਕਮਾਈ ਕੀਤੀ ਜਾ ਰਹੀ ਪਰ ਦੂਸਰੇ ਪਾਸੇ ਸਾਡੇ ਪੰਜਾਬੀ ਨੋਜਵਾਨ ਰੋਜ਼ੀ ਰੋਟੀ ਕਮਾਉਣ ਲਈ ਆਪਣੇ ਜ਼ਮੀਨਾਂ , ਘਰ, ਸਭ ਕੁਝ ਗਹਿਣੇ ਰੱਖ ਕੇ ਵਿਦੇਸ਼ਾਂ ਵੱਲ ਨੂੰ ਭੱਜ ਰਹੇ ਹਨ। ਜਦਕਿ ਪ੍ਰਵਾਸੀਆਂ ਦੇ ਬੱਚੇ ਇਥੇ ਹੀ ਜਨਮੇਂ ਤੇ ਪੜ੍ਹਾਈ ਦੇ ਨਾਲ ਮਾਤਾ ਪਿਤਾ ਦੀ ਮਦਦ ਲਈ ਉਨ੍ਹਾਂ ਦੇ ਨਾਲ ਕੰਮ ਕਰਵਾ ਕੇ ਕਮਾਈ ਵੀ ਕਰ ਰਹੇ ਹਨ। ਇਸ ਤਰ੍ਹਾਂ ਦਾ ਇਕ ਮਾਮਲਾ ਦੇਖਣ ਵਿੱਚ ਸਾਹਮਣੇ ਆਇਆ ਕਿ ਨੈਸ਼ਨਲ ਹਾਈਵੇ ਤੇ ਨੇੜੇ ਰੱਕੜਾਂ ਬੇਟ ਦੇ ਕੋਲ ਜਦੋਂ ਕਿ ਪੱਤਰਕਾਰਾਂ ਵਲੋਂ ਰਸ ਪੀਣ ਦੇ ਲਈ ਸੜਕ ਦੇ ਕਿਨਾਰੇ ਲਗਾਈ ਰਸ ਦੀ ਰੇਹੜੀ ਤੇ ਜਾਕੇ ਰੁਕੇ ਅਤੇ ਦੇਖਿਆ ਕਿ ਇਕ ਛੋਟਾ ਜਿਹਾ ਬੱਚਾ ਜੋ ਕਿ ਨੈਸ਼ਨਲ ਹਾਈਵੇ ਤੇ ਇੱਕਲਾ ਹੀ ਰਸ ਦੇ ਵੇਲਣੇ ਦੀ ਰੇਹੜੀ ਲਗਾ ਕੇ ਪੂਰੀ ਚੂਸਤੀ ਨਾਲ ਆ ਰਹੇ ਰਾਹਗੀਰਾਂ ਨੂੰ ਰਸ ਕੱਢ ਕੇ ਪਿਲਾ ਰਿਹਾ ਅਤੇ ਉਸ ਨੇ ਗ਼ਲ ਵਿੱਚ ਇੱਕ ਪੈਸਿਆਂ ਵਾਲਾ ਬੈਗ ਵੀ ਪਾਇਆ ਹੋਇਆ ਸੀ ਅਤੇ ਉਹ ਰਾਹਗੀਰਾਂ ਤੋਂ ਪੂਰੀ ਚੂਸਤੀ ਨਾਲ ਪੈਸੇ ਕੱਟ ਰਿਹਾ ਤਾਂ ਪੱਤਰਕਾਰ ਉਸ ਦੀ ਚੂਸਤੀ ਦੇਖ ਕੇ ਦੰਗ ਰਹਿ ਗਏ ਅਤੇ ਪੱਤਰਕਾਰਾਂ ਵਲੋਂ



**ਪਰਿਵਾਰ ਦੇ ਗੁਜ਼ਾਰੇ ਲਈ ਰੇਹੜੀ ਤੇ ਗੰਨੇ ਦਾ ਰਸ ਵੇਚਦਾ ਹੈ ਛੋਟਾ ਬੱਚਾ।**

ਰਸ ਪੀਣ ਉਪਰੰਤ ਉਸਨੇ ਜਦੋਂ ਉਸ ਨੂੰ ਪੁੱਛਿਆ ਕਿ ਤੂੰ ਬੜੀ ਛੋਟੀ ਉਮਰ ਵਿੱਚ ਇਹ ਕੰਮ ਕਰ ਰਿਹਾ ਹੈ ਤਾ ਬੱਚੇ ਨੇ ਦੱਸਿਆ ਕਿ ਉਹ ਪੜ੍ਹਾਈ ਦੇ ਨਾਲ ਨਾਲ ਆਪਣੇ ਪਿਤਾ ਨਾਲ ਉਸਦੇ ਕੰਮ ਵਿੱਚ ਵੀ ਮਦਦ ਕਰਦਾ ਹੈ ।ਪਰ ਜੋ ਗੱਲਾਂ ਉਸ ਬੱਚੇ ਨੇ ਕੀਤੀਆਂ ਤਾਂ ਉਹ ਹੈਰਾਨ ਕਰਨ ਵਾਲੀਆਂ ਸਨ ਪਰ ਜੇਕਰ ਉਸ ਦੀ ਗੱਲ ਨੂੰ ਡੂੰਘਾਈ ਨਾਲ ਸੋਚਿਆ ਜਾਵੇ ਤਾਂ ਉਸ ਦਾ ਕਹਿਣ ਦਾ ਮਤਲਬ ਇਹ ਸੀ ਕਿ ਪੰਜਾਬ ਵਿੱਚ ਰੋਜ਼ਗਾਰ ਦੀ ਕੋਈ ਵੀ ਕਮੀ ਨਹੀ ਹੈ ਪਰ ਉਸ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ ਪੰਜਾਬ ਵਿੱਚ ਕੰਮ ਕਰਨ ਨੂੰ ਬੇਇਜ਼ਤੀ ਸਮਝਦੇ ਹਨ ਪਰ ਇਹ ਨੋਜਵਾਨ ਬਾਹਰ ਜਾ ਕੇ ਘਟੀਆਂ ਤੋਂ ਘਟੀਆਂ ਕੰਮ ਕਰਨ ਨੂੰ ਪਹਿਲ ਦਿੰਦੇ ਹਨ।

ਪਰ ਆਪਣੀਆਂ ਘਰੇਲੂ ਜ਼ਮੀਨਾ ਛੱਡ ਕੇ ਪਤਾ ਨਹੀਂ ਕਿਹੜੇ ਲਾਲਚ ਵੱਸ ਹੋ ਵਿਦੇਸ਼ਾਂ ਵੱਲ ਦੌੜਦੇ ਹਨ ।ਜਿਹੜੇ ਲੋਕ ਵੀ ਇਸ ਛੋਟੇ ਬੱਚੇ ਨੂੰ ਰੇਹੜੀ ਤੇ ਰਸ ਵੇਚਦਿਆ ਦੇਖਦੇ ਹਨ ਉਹ ਉਸ ਦੀ ਚੂਸਤੀ ਫੁਰਤੀ ਨੂੰ ਦੇਖਦਿਆਂ ਦੰਗ ਰਹਿ ਜਾਂਦੇ ਇੱਥੇ ਹੀ ਵੱਸ ਨਹੀਂ ਇਸ ਬੱਚੇ ਨੂੰ ਕੰਮ ਤੋਂ ਵਿਹਲ ਮਿਲਦਾ ਹੈ ਤਾਂ ਇਹ ਨਾਲ ਦੀ ਨਾਲ ਆਪਣੀ ਪੜ੍ਹਾਈ ਕਰਨ ਵਿੱਚ ਰੁੱਝ ਜਾਂਦਾ ਹੈ।ਇਹ ਚੀਜਾਂ ਦੇਖਕੇ ਲੋਕ ਤਰਸ ਦੇ ਆਧਾਰ ਤੇ ਹੀ ਵੱਡੇ ਗਾਹਕ ਬਣ ਜਾਦੇ।

# ਪਿੰਡ ਖ਼ਮਾਚੋਂ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕਮਲਜੀਤ ਜੱਸੀ ਦਾ ਬੇਟਾ ਅਰਸ਼ ਜੱਸੀ ਕੈਨੇਡਾ ਪੁਲਿਸ ਵਿੱਚ ਬਣੇ ਪੀਸ ਅਫਸਰ : ਪ੍ਰਦੀਪ ਜੱਸੀ

**ਬੰਗਾ (ਚਰਨਜੀਤ ਸੱਲ੍ਹਾਂ )** ਦੁਨਿਆ ਦੇ ਹਰ ਇੱਕ ਕੋਨੇ ਵਿੱਚ ਪੰਜਾਬੀ ਵਸੇ ਹੋਏ ਹਨ । ਪੰਜਾਬੀ ਆਪਣੀ ਮਿਹਨਤ ਨਾਲ, ਵਧੀਆ ਸੁਭਾਅ ਅਤੇ ਇਮਾਨਦਾਰੀ ਨਾਲ ਵਧੀਆ ਮੁਕਾਮ ਹਾਸਲ ਕਰਕੇ ਆਪਣਾ ਅਤੇ ਆਪਣੇ ਦੇਸ਼ ਦਾ ਨਾਮ ਚਮਕਾ ਰਹੇ ਹਨ। ਇਸ ਤਰ੍ਹਾਂ ਹੀ ਬੰਗਾ ਦੇ ਨਜਦੀਕ ਪੈਂਦੇ ਪਿੰਡ ਖਮਾਚੋਂ ਦੇ ਕੰਵਲਜੀਤ ਜੱਸੀ ਜੋ ਅੱਜਕਲ ਕਨੇਡਾ ਵਿੱਚ ਪੱਕੇ ਤੌਰ ਤੇ ਰਹਿ ਰਹੇ ਹਨ । ਸ਼੍ਰੀ ਕੰਵਲਜੀਤ ਜੱਸੀ ਅਤੇ ਸ਼੍ਰੀਮਤੀ ਹਰਜੀਤ ਕੌਰ ਦੀ ਮਿਹਨਤ ਸਦਕਾ ਉਹਨਾਂ ਦਾ ਬੇਟਾ ਮਿਸਟਰ ਅਰਸ਼ ਜੱਸੀ ਲਾਅ ਆਫ ਕ੍ਰਿਮਿਨਲ ਦੀ ਡਿਗਰੀ ਕਰਕੇ ਕੈਨੇਡਾ ਦੀ ਪੁਲਿਸ ਵਿੱਚ ਪੀਸ ਅਫਸਰ ਦੀ ਪਦਵੀ ਤੇ ਨਿਯੁੱਕਤ ਹੋਏ ਹਨ। ਇਹਨਾਂ ਦੀ ਨਿਯੁਕਤੀ ਨਾਲ ਪਿੰਡ ਖਮਾਚੋਂ ਦਾ ਅਤੇ ਪੰਜਾਬ ਦਾ ਨਾਮ ਰੌਸ਼ਨ ਹੋਇਆ ਹੈ। ਸਾਰੇ ਜੱਸੀ ਪ੍ਰੀਵਾਰ ਨੂੰ ਇਸ ਖੁਸ਼ੀ ਦੇ ਮੌਕੇ ਤੇ ਪ੍ਰਦੀਪ ਜੱਸੀ ਬਸਪਾ



ਆਗੂ ਨੇ ਪਰਿਵਾਰ ਨੂੰ ਵਧਾਈ ਦਿੰਦਿਆ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਬੱਚਿਆਂ ਨੂੰ ਵਧੀਆ ਪੜਾਈ ਪੜ੍ਹਨ ਵਾਸਤੇ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਹੀ ਬੱਚਿਆਂ ਦਾ ਭਵਿੱਖ ਸੁਨਹਿਰਾ ਹੋ ਸਕਦਾ ਹੈ। ਜੇਕਰ ਬੱਚਿਆਂ ਨੂੰ ਵਧੀਆ ਗਾਈਡ ਕੀਤਾ ਜਾਵੇ ਤਾਂ ਨਤੀਜ਼ੇ ਹਮੇਸ਼ਾਂ ਚੜ੍ਹਦੀ ਕਲਾ ਵਾਲੇ ਹੁੰਦੇ ਹਨ।ਲੋੜਬੰਦ ਬੱਚਿਆਂ ਦੀ ਪੜ੍ਹਾਈ ਵਾਸਤੇ ਆਰਥਿਕ ਮੱਦਦ ਵੀ ਕਰਨੀ ਚਾਹੀਦੀ ਹੈ।

# ਕਾਂਗਰਸ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ : ਚੌਧਰੀ ਮੀਨਾ ਸੂੰਢ

## ਡਾਕਟਰ ਨਿਰੰਜਣ ਹੀਂਉ ਦਾ ਜ਼ਿਲ੍ਹਾ ਮੀਤ ਪ੍ਰਧਾਨ ਬਣਨ ਤੇ ਕੀਤਾ ਗਿਆ ਸਨਮਾਨ

**ਬੰਗਾ( ਚਰਨਜੀਤ ਸੱਲ੍ਹਾਂ )**ਪਿੰਡ ਮੁਕੰਦਪੁਰ ਵਿਖੇ ਡਾਕਟਰ ਨਿਰੰਜਣ ਹੀਂਉ ਅਤੇ ਪਰਿਵਾਰ ਵੱਲੋ ਸਤਿਗੁਰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਵਿਖੇ , ਕਾਂਗਰਸ ਪਾਰਟੀ ਦਾ ਜ਼ਿਲ੍ਹਾ ਮੀਤ ਪ੍ਰਧਾਨ ਨਿਯੁਕਤ ਹੋਣ ਉਪਰੰਤ ਸ਼ੁਕਰਾਨਾ ਅਰਦਾਸ ਕਰਵਾਈ ਗਈ । ਇਸ ਮੌਕੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਚੌਧਰੀ ਮੀਨਾ ਸੂੰਢ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ । ਪਿੰਡ ਵਾਸੀਆਂ ਵੱਲੋਂ ਡਾਕਟਰ ਨਿਰੰਜਣ ਹੀਂਉ ਦਾ ਕਾਂਗਰਸ ਪਾਰਟੀ ਦਾ ਜ਼ਿਲ੍ਹਾ ਮੀਤ ਪ੍ਰਧਾਨ ਬਣਨ ਤੇ ਸਨਮਾਨ ਕੀਤਾ ਗਿਆ ।ਇਸ ਮੌਕੇ ਚੌਧਰੀ ਮੀਨਾ ਸੂੰਢ ਨੇ ਕਿਹਾ ਕਿ 2027 ਦੀਆਂ ਪੰਜਾਬ ਵਿਧਾਨ ਚੋਣਾਂ ਵਿੱਚ ਕਾਂਗਰਸ ਪਾਰਟੀ ਸ਼ਾਨਦਾਰ ਜਿੱਤ ਪ੍ਰਾਪਤ ਕਰ ਕੇ ਸਰਕਾਰ ਬਣਾਏਗੀ ਅਤੇ ਪੰਜਾਬ ਨੂੰ ਨਸ਼ਾ ਮੁਕਤ ,ਭ੍ਰਿਸ਼ਟਾਚਾਰ ਮੁਕਤ , ਸੁਰੱਖਿਅਤ ਅਤੇ ਖੁਸ਼ਹਾਲ ਪੰਜਾਬ ਸਿਰਜਣ ਦਾ ਤਹੱਈਆ ਕੀਤਾ ਜਾਵੇਗਾ



।ਡਾਕਟਰ ਨਿਰੰਜਣ ਹੀਂਉ ਨੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵੱਧ ਤੋਂ ਵੱਧ ਕਾਂਗਰਸ ਪਾਰਟੀ ਨਾਲ ਜੁੜਨ ਤਾਂ ਜੋ ਕਿ ਦੇਸ਼ ਦੇ ਲੋਕਤੰਤਰ ਨੂੰ ਬਚਾਇਆ ਜਾ ਸਕੇ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਜਿਵੇਂ ਕਿ ਭਾਰਤ-ਅਮਰੀਕਾ ਵਪਾਰ ਡੀਲ ਦੇ ਕਿਸਾਨਾਂ ਅਤੇ ਹੋਰ ਵਰਗਾਂ ਉੱਪਰ ਪੈਣ ਵਾਲੇ ਘਾਤਕ ਪ੍ਰਭਾਵਾਂ ਤੋਂ ਆਮ ਜਨਤਾ ਨੂੰ ਜਾਗਰੂਕ ਕੀਤਾ ਜਾ ਸਕੇ ।ਇਸ ਮੌਕੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਕੁਲਦੀਪ ਚੰਦ ਕਟਾਰੀਆ, ਰਾਮਦਾਸ ਸਿੰਘ ਕਾਂਗਰਸ ਬਲਾਕ ਪ੍ਰਧਾਨ ਔੜ, ਐਡਵੋਕੇਟ ਅਮਨਦੀਪ ਗੁਰੂ,ਰਮਨ ਕੇਸਰ, ਜਗਦੀਸ਼ ਕਟਾਰੀਆ,ਪ੍ਰਸ਼ੋਤਮ ਲਾਲ, ਵਿਜੇ ਕਟਾਰੀਆ ,ਹਰਜਿੰਦਰ ਪਾਲ ਕੌਰ, ਅੰਜੂ ਰਾਣਾ ਗੁਰੂ , ਤਜਿੰਦਰ ਸਿੰਘ, ਵਿਜੇ ਕਟਾਰੀਆ, ਆਸ਼ਾ ਰਾਣੀ ਹਾਜ਼ਰ ਰਹੇ ਅਤੇ ਚੌਧਰੀ ਮੀਨਾ ਸੂੰਢ ਦਾ ਪਤਵੰਤੇ ਸੱਜਣਾਂ ਵੱਲੋਂ ਸਿਰੋਪੇ ਦੀ ਬਖਸ਼ਿਸ਼ ਨਾਲ ਸਨਮਾਨ ਕੀਤਾ ਗਿਆ ।

# ਝਾੜੂ ਤੀਲਾ-ਤੀਲਾ, ਲੋਕਤੰਤਰ ਦੀ ਜਿੱਤ- ਧੱਕੇਸ਼ਾਹੀ ਦੀ ਹਾਰ: ਜਤਿੰਦਰ ਕੌਰ ਮੂੰਗਾ

## ਨੌਜਵਾਨ ਕਾਂਗਰਸ ਆਗੂ ਨਾਨਕ ਸਿੰਘ ਜੰਡੀ ਬਣੇ ਬਲਾਕ ਸੰਮਤੀ ਬਲਾਚੌਰ ਦੇ ਚੇਅਰਮੈਨ

**ਬੰਗਾ, 26 ਮਾਰਚ( ਚਰਨਜੀਤ ਸੱਲ੍ਹਾਂ ,)** ਬਲਾਚੌਰ ਬਲਾਕ ਸੰਮਤੀ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ ਸ਼ਾਨਦਾਰ ਜਿੱਤ ਹਾਸਲ ਕਰਦਿਆਂ ਨੌਜਵਾਨ ਆਗੂ ਨਾਨਕ ਸਿੰਘ ਜੰਡੀ ਨੂੰ ਬਲਾਕ ਸੰਮਤੀ ਦਾ ਚੇਅਰਮੈਨ ਬਣਾਇਆ ਹੈ। ਇਸ ਜਿੱਤ ਤੋਂ ਬਾਅਦ ਖੁਸ਼ੀ ਦਾ ਮਾਹੌਲ ਵੇਖਣ ਨੂੰ ਮਿਲਿਆ।ਜ਼ਿਲਾ ਪ੍ਰਧਾਨ ਮਹਿਲਾ ਕਾਂਗਰਸ ਅਤੇ ਸਾਬਕਾ ਪ੍ਰਧਾਨ ਨਗਰ ਕੌਂਸਲ ਬੰਗਾ ਜਤਿੰਦਰ ਕੌਰ ਮੂੰਗਾ ਵੱਲੋਂ ਬਲਾਚੌਰ ਦੇ ਸੀਨੀਅਰ ਕਾਂਗਰਸ ਆਗੂ ਅਤੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੂੰ ਵਧਾਈਆਂ ਦਿੰਦਿਆਂ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਜਿੱਤ ਲੋਕਾਂ ਦੇ ਭਰੋਸੇ, ਕਾਂਗਰਸ ਵਰਕਰਾਂ ਦੀ ਮਿਹਨਤ ਅਤੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਦੀ ਅਗਵਾਈ ਦਾ ਨਤੀਜਾ ਹੈ।ਉਨ੍ਹਾਂ ਨੇ ਕਿਹਾ ਕਿ ਇਸ ਨਤੀਜੇ ਨਾਲ ਸਾਬਤ ਹੋ ਗਿਆ ਹੈ ਕਿ "ਝਾੜੂ" ਤੀਲਾ-ਤੀਲਾ ਹੋ ਗਿਆ ਹੈ ਅਤੇ ਸੱਤਾਧਾਰੀ ਧਿਰ ਵੱਲੋਂ ਕੀਤੀ ਗਈ ਧੱਕੇਸ਼ਾਹੀ ਦੇ ਬਾਵਜੂਦ ਲੋਕਤੰਤਰ ਦੀ ਜਿੱਤ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲੋਕਾਂ ਨੇ ਆਪਣਾ ਫੈਸਲਾ ਦੇ ਦਿੱਤਾ ਹੈ ਅਤੇ 2027 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਨੀ ਤੈਅ ਹੈ।



**(ਜਿੱਤ ਉਪਰੰਤ ਕਾਂਗਰਸ ਆਗੂ ਜਤਿੰਦਰ ਕੌਰ ਮੂੰਗਾ, ਕਮਲਜੀਤ ਬੰਗਾ ਹਰਭਜਨ ਸਿੰਘ ਭਰੋਲੀ ਅਜੇ ਮੰਗੂਪੁਰ ਦਾ ਮੂੰਹ ਮਿੱਠਾ ਕਰਾਉਂਦੇ ਹੋਏ)**

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਕਾਂਗਰਸ ਵਰਕਰਾਂ ਦੀ ਏਕਤਾ ਅਤੇ ਜਜ਼ਬੇ ਨਾਲ ਮਿਲੀ ਇਹ ਜਿੱਤ ਦਰਸਾਉਂਦੀ ਹੈ ਕਿ ਆਉਣ ਵਾਲਾ ਸਮਾਂ ਕਾਂਗਰਸ ਪਾਰਟੀ ਦਾ ਹੈ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਵੱਡੀ ਜਿੱਤ ਦਰਜ ਕਰੇਗੀ। ਇਸ ਦੌਰਾਨ ਕਮਲਜੀਤ ਸਿੰਘ ਬੰਗਾ ਅਤੇ ਹਰਭਜਨ ਸਿੰਘ ਭਰੋਲੀ ਵੱਲੋਂ ਵੀ ਨਾਨਕ ਸਿੰਘ ਜੰਡੀ ਦੇ ਚੇਅਰਮੈਨ ਬਣਨ ਅਤੇ ਕਾਂਗਰਸ ਪਾਰਟੀ ਦੀ ਜਿੱਤ 'ਤੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੂੰ ਵਧਾਈਆਂ ਦਿੰਦਿਆਂ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ।

# ਨਵਜੋਤ ਸਾਹਿਤ ਸੰਸਥਾ ਔੜ ਵਲੋਂ ਬੰਗਾ ਚ ਸਾਹਿਤਕ ਸਮਾਗਮ

## ਸੰਸਥਾ ਨਾਲ ਜੁੜੇ ਨਵੇਂ ਲੇਖਕ ਮੈਂਬਰਾਂ ਦਾ ਸਨਮਾਨ

**ਬੰਗਾ, 26 ਮਾਰਚ (ਚਰਨਜੀਤ ਸੱਲ੍ਹਾਂ )** ਨਵਜੋਤ ਸਾਹਿਤ ਸੰਸਥਾ ਔੜ ਵਲੋਂ ਅਨਮੋਲ ਪੈਲੇਸ ਬੰਗਾ ਵਿਖੇ 'ਸਾਹਿਤਕ ਸਮਾਗਮ' ਕਰਵਾਇਆ ਗਿਆ, ਜਿਸ ਵਿੱਚ ਸੰਸਥਾ ਨਾਲ ਨਵੇਂ ਜੁੜੇ ਲੇਖਕ ਮੈਂਬਰਾਂ ਨੂੰ ਜੀ ਆਇਆਂ ਆਖਿਆ ਗਿਆ। ਇਹਨਾਂ ਮੈਂਬਰਾਂ 'ਚ ਸ਼ਾਮਲ ਮਨਪ੍ਰੀਤ ਕੌਰ ਸੋਢੀਆਂ, ਰਾਜਵਿੰਦਰ ਕੌਰ ਨਾਗਰਾ, ਇੰਦਰਪ੍ਰੀਤ ਕੌਰ ਵਜੀਦਪੁਰ ਤੇ ਸ਼ਿਵ ਬਛੌੜੀ ਦਾ ਸਨਮਾਨ ਕੀਤਾ ਗਿਆ। ਉਹਨਾਂ ਨੂੰ ਸੰਸਥਾ ਵਲੋਂ ਯਾਦਗਾਰੀ ਚਿੰਨ੍ਹ ਪ੍ਰਦਾਨ ਕੀਤੇ ਗਏ ਅਤੇ ਫੁੱਲ ਮਲਾਵਾਂ ਪਹਿਣਾਈਆਂ ਗਈਆਂ। ਇਹ ਸਨਮਾਨ ਰਸਮ ਮੁੱਖ ਮਹਿਮਾਨ ਸਮਾਜ ਸੇਵਿਕਾ ਬੀਬੀ ਪਰਮਜੀਤ ਕੌਰ ਮਜਾਰਾ ਰਾਜਾ ਸਾਹਿਬ ਨੇ ਨਿਭਾਈ। ਉਹਨਾਂ ਸੰਸਥਾ ਦੀਆਂ ਸਰਗਰਮੀਆਂ ਦੀ ਸ਼ਲਾਘਾ ਕੀਤੀ ਅਤੇ ਸਾਹਿਤਕਾਰਾਂ ਨੂੰ ਸਮਾਜ ਦਾ ਮਾਣ ਦੱਸਿਆ।ਐ

ਸੰਸਥਾ ਦੇ ਪ੍ਰਧਾਨ ਦਵਿੰਦਰ ਸਕੋਹਪੁਰੀ ਨੇ ਸਵਾਗਤੀ ਸ਼ਬਦ ਸਾਂਝੇ ਕਰਦਿਆਂ ਕਿਹਾ ਕਿ ਨਵਜੋਤ ਸਾਹਿਤ ਸੰਸਥਾ ਔੜ ਚਾਰ ਦਹਾਕਿਆਂ ਤੋਂ ਸਾਹਿਤਕ ਖੇਤਰ 'ਚ ਸਮਰਪਿਤ ਸੇਵਾਵਾਂ ਨਿਭਾਉਂਦੀ ਆ ਰਹੀ ਹੈ। ਉਹਨਾਂ ਉਕਤ ਨਵੀਆਂ ਕਲਮਾਂ ਦਾ ਨਵਜੋਤ ਪਰਿਵਾਰ 'ਚ ਹੋਇਆ ਵਾਧਾ ਇਹਨਾਂ ਸਰਗਰਮੀਆਂ 'ਚ ਹੋਰ ਵਾਧਾ ਕਰੇਗਾ। ਸੰਸਥਾ ਦੇ ਸਕੱਤਰ ਡਾ.



**ਸੰਸਥਾ ਦੇ ਨਵੇਂ ਮੈਂਬਰਾਂ ਸਨਮਾਨ ਕਰਨ ਸਮੇਂ ਮੁੱਖ ਮਹਿਮਾਨ ਬੀਬੀ ਪਰਮਜੀਤ ਕੌਰ, ਪ੍ਰਧਾਨ ਦਵਿੰਦਰ ਸਕੋਹਪੁਰੀ ਤੇ ਹੋਰ।**

ਕੇਵਲ ਰਾਮ ਨੇ ਮੰਚ ਦਾ ਸੰਚਾਲਨ ਬਾਖੂਬੀ ਨਿਭਾਇਆ ਅਤੇ ਸੰਸਥਾ ਦੀਆਂ ਸਗਰਮੀਆਂ ਸਬੰਧੀ ਜਾਣਕਾਰੀ ਸਾਂਝੀ ਕੀਤੀ।

ਸੰਸਥਾ ਦੇ ਸਾਬਕਾ ਪ੍ਰਧਾਨ ਸੁਰਜੀਤ ਮਜਾਰੀ ਨੇ ਸੰਸਥਾ ਦੀਆਂ ਹੁਣ ਤੱਕ ਅੱਧਾ ਸੈਕੜਾ ਕਿਤਾਬਾਂ ਦੀਆਂ ਪ੍ਰਕਾਸ਼ਨਾਵਾਂ ਤੇ ਵੱਖ ਵੱਖ ਬੈਨਰਾਂ ਵਾਲੇ ਸਮਾਗਮਾਂ ਦੀ ਲਗਾਤਾਰਤਾ ਨੂੰ ਨਿਵੇਕਲੀ ਪ੍ਰਾਪਤੀ ਦੱਸਿਆ। ਆਪੋ ਆਪਣੇ ਸੰਬੋਧਨ 'ਚ ਸ਼ੁੱਭ ਕਾਮਨਾਵਾਂ ਸਾਂਝੀਆਂ ਕਰਨ ਵਾਲਿਆਂ ਵਿੱਚ ਸੰਸਥਾ ਦੇ ਸਾਬਕਾ ਪ੍ਰਧਾਨ ਸਤਪਾਲ ਸਾਹਲੋਂ, ਗੁਰਨੇਕ ਸ਼ੇਰ, ਰਜਨੀ ਸ਼ਰਮਾ ਵੀ ਸ਼ਾਮਲ ਸਨ। ਇਸ ਮੌਕੇ ਉਕਤ ਹਾਜ਼ਰੀਨ ਤੋਂ ਇਲਾਵਾ ਸ਼ਾਇਰ ਦੀਪ ਕਲੇਰ, ਗੁਰਦੀਪ ਸਿੰਘ ਸੈਣੀ, ਕੁਲਵਿੰਦਰ ਕੁੱਲਾ, ਦੇਸ ਰਾਜ ਬਾਲੀ, ਹਰੀ ਕਿਸ਼ਨ ਪਟਵਾਰੀ ਆਦਿ ਨੇ ਕਾਵਿ ਰਚਨਾਵਾਂ ਦੀ ਸਾਂਝ ਪਾਈ।

ਇਸ ਮੌਕੇ ਪੰਜਾਬੀ ਲੈਕਚਰਾਰ ਰਾਜ ਰਾਣੀ, ਵਿਨੇ ਸ਼ਰਮਾ, ਬਿਕਰਮਜੀਤ ਸਿੰਘ ਰਾਹੋਂ, ਜਗਦੀਸ਼ ਹੱਪੋਵਾਲ, ਸੁੱਖਪਾਲ ਸਿੰਘ, ਬਲਵਿੰਦਰ ਕੁਮਾਰ, ਅਮਨਦੀਪ, ਬਲਵਿੰਦਰ ਕੌਰ ਬਾਲੀ, ਕੌਰ, ਇੰਦਰਜੀਤ ਕੌਰ ਇੰਦਰਾਂ ਆਦਿ ਵੀ ਹਾਜ਼ਰ ਸਨ।

# 40 ਨਸ਼ੀਲੀਆਂ ਗੋਲੀਆਂ ਸਮੇਤ ਇੱਕ ਕਥਿਤ ਦੋਸ਼ੀ ਔਰਤ ਗ੍ਰਿਫਤਾਰ



**ਫਿਲੌਰ/ਅੱਪਰਾ, 26 ਮਾਰਚ (ਦੀਪਾ)**-ਅੱਪਰਾ ਪੁਲਿਸ ਨੇ ਇੱਕ ਔਰਤ ਨੂੰ 40 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕਰਨ 'ਚ ਸਫਲਤਾ ਪ੍ਰਾਪਤ ਕੀਤੀ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਬ ਇੰਸਪੈਕਟਰ ਸੁਖਦੇਵ ਸਿੰਘ ਔਲਖ ਚੌਂਕੀ ਇੰਚਾਰਜ ਅੱਪਰਾ ਨੇ ਦੱਸਿਆ ਕਿ ਉਹ ਸਮੇਤ ਮਹਿਲਾ ਪੁਲਿਸ ਕਰਮਚਾਰੀ ਗਸ਼ਤ ਕਰ ਰਹੇ ਸਨ, ਇੱਕਇੱਕ ਔਰਤ ਜੋ ਕਿ ਪੈਦਲ ਜਾ ਰਹੀ ਸੀ, ਸ਼ੱਕ ਪੈਣ 'ਤੇ ਮਹਿਲਾ ਕਰਮਚਾਰੀ ਨੇ ਜਦੋਂ ਉਸਦੀ ਤਲਾਸ਼ੀ ਲਈ ਤਾਂ ਉਸ ਪਾਸੋਂ 40 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ । ਕਥਿਤ ਦੋਸ਼ੀ ਔਰਤ ਦੀ ਸ਼ਨਾਖਤ ਰਾਣੋ ਪਤਨੀ ਗੇਜਾ ਰਾਮ ਵਾਸੀ ਪਿੰਡ ਸਮਰਾੜੀ ਥਾਣਾ ਫਿਲੌਰ ਵਜੋਂ ਹੋਈ । ਕਥਿਤ ਦੋਸ਼ੀ ਔਰਤ ਦੇ ਖਿਲਾਫ਼ ਐਨ. ਡੀ. ਪੀ. ਐਸ ਐਕਟ ਦੇ ਤਹਿਤ ਮੁਕੱਦਮਾ ਦਰਜ ਕਰਕੇ ਜੇਲ ਭੇਜ ਦਿੱਤਾ ਗਿਆ ਹੈ ।

## ਰੰਗਲਾ ਪੰਜਾਬ ਫੰਡ 'ਚ ਸਿਵਲ ਹਸਪਤਾਲ ਨੂੰ ਮਿਲੀਆਂ 2 ਐਂਬੂਲੈਂਸਾਂ



**ਹੁਸ਼ਿਆਰਪੁਰ, 26 ਮਾਰਚ ( ਤਰਸੇਮ ਦੀਵਾਨਾ )** - ਹਲਕਾ ਹੁਸ਼ਿਆਰਪੁਰ ਦੇ ਵਿਧਾਇਕ ਨੇ ਅੱਜ ਰੰਗਲਾ ਪੰਜਾਬ ਫੰਡ ਤਹਿਤ ਪੰਜਾਬ ਸਰਕਾਰ ਵੱਲੋਂ ਸਿਵਲ ਹਸਪਤਾਲ ਹੁਸ਼ਿਆਰਪੁਰ ਨੂੰ ਦੋ ਨਵੀਆਂ ਐਂਬੂਲੈਂਸਾਂ ਭੇਟ ਕੀਤੀਆਂ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਨੂੰ ਆਧੁਨਿਕ ਅਤੇ ਬੁਨਿਆਦੀ ਸਹੂਲਤਾਂ ਨਾਲ ਲੈਸ ਕਰਨਾ ਸੂਬਾ ਸਰਕਾਰ ਦੀ ਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਐਂਬੂਲੈਂਸਾਂ ਦੀ ਉਪਲਬਧਤਾ ਮਰੀਜ਼ਾਂ ਲਈ ਸਮੇਂ ਸਿਰ ਅਤੇ ਬਿਹਤਰ ਸਿਹਤ ਸੇਵਾਵਾਂ ਅਤੇ ਐਮਰਜੈਂਸੀ ਵਿੱਚ ਤੁਰੰਤ ਸਹਾਇਤਾ ਯਕੀਨੀ ਬਣਾਏਗੀ। ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਸਿਹਤ ਸੇਵਾਵਾਂ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਲਗਾਤਾਰ ਕੰਮ ਕਰ ਰਹੀ ਹੈ ਤਾਂ ਜੋ ਆਮ ਲੋਕਾਂ ਨੂੰ ਸਰਕਾਰੀ ਸੰਸਥਾਵਾਂ ਵਿੱਚ ਬਿਹਤਰ ਇਲਾਜ ਮਿਲ ਸਕੇ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਜ਼ਰੂਰਤ ਅਨੁਸਾਰ ਸਹੂਲਤਾਂ ਦਾ ਵਿਸਥਾਰ ਕੀਤਾ ਜਾਵੇਗਾ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸਿਵਲ ਸਰਜਨ ਡਾ: ਮਨਦੀਪ ਕੰਵਲ, ਡੀਐਫਪੀਓ ਡਾ: ਰਣਜੀਤ, ਐਸਐਮਓ ਡਾ: ਨੇਹਾ, ਐਸਐਮਓ ਡਾ: ਨਵਜੋਤ, ਸਿੰਘ ਡੀ ਆਰ ਵੈਸ਼ਾਲੀ, ਡਾ: ਕਾਜਲ, ਡਾ: ਰੁਪਿੰਦਰ, ਕੌਂਸਲਰ ਮਨਜੀਤ, ਗੋਪੀ, ਜਸਪਾਲ ਸੁਮਨ, ਅਰਜੁਨ, ਸੰਜੇ ਸ਼ਰਮਾ, ਬਲਵੀਰ ਸੈਣੀ ਆਦਿ ਹਾਜ਼ਰ ਸਨ।

# ਸਿਹਤ ਵਿਭਾਗ ਵੱਲੋਂ ਸਰਕਾਰੀ ਹਾਈ ਸਕੂਲ ਟੂਟੋਮਜਾਰਾ ਵਿਖੇ ਜਾਗਰੂਕਤਾ ਕੈਂਪ ਦਾ ਆਯੋਜਨ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਵਲ ਸਰਜਨ ਡਾਕਟਰ ਮਨਦੀਪ ਕਮਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਕਾਰੀ ਹਾਈ ਸਕੂਲ ਟੂਟੋ ਮਜ਼ਾਰਾਂ ਵਿਖੇ ਵੱਖ ਵੱਖ ਸਿਹਤ ਪ੍ਰੋਗਰਾਮਾਂ ਤਹਿਤ ਜਾਗਰੂਕ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆ ਜ਼ਿਲ੍ਹਾ ਸਮੂਹ ਸਿੱਖਿਆ ਅਤੇ ਸੂਚਨਾ ਅਫ਼ਸਰ ਤਰਸੇਮ ਲਾਲ ਵਲੋਂ ਸਿਹਤ ਪ੍ਰੋਗਰਾਮਾਂ ਸਬੰਧੀ ਜਾਗਰੂਕ ਕਰਦਿਆਂ ਹਮੇਸ਼ਾ ਸਾਫ਼ ਅਤੇ ਸੁਰੱਖਿਅਤ ਪੀਣ ਵਾਲੇ ਪਾਣੀ ਅਤੇ ਪੋਸ਼ਟਿਕ ਭੋਜਨ ਦਾ ਸੇਵਨ ਕਰਨ ਸਬੰਧੀ ਜਾਗਰੂਕ ਕੀਤਾ ਗਿਆ। ਸੱਪ ਤੇ ਕੁੱਤੇ ਦੇ ਕੱਟੇ ਦਾ ਮੁਫ਼ਤ ਇਲਾਜ ਨੇੜੇ ਜ਼ਿਲ੍ਹਾ ਹਸਪਤਾਲ ਤੋਂ ਕਰਵਾਉਣ ਸਬੰਧੀ ਸਿਹਤ ਸਿੱਖਿਆ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਹੈਪਾਟਾਈਟਿਸ ਤੋਂ ਬਚਾਅ, ਮੁਫ਼ਤ ਟੈਸਟ ਅਤੇ ਇਲਾਜ ਸਬੰਧੀ,ਏਡਜ਼ ਕੰਟਰੋਲ ਪ੍ਰੋਗਰਾਮ ਤਹਿਤ ਜਾਗਰੂਕ ਕਰਦਿਆਂ ਕਿਹਾ, ਕਿ ਇਸ ਦੀ ਜਾਣਕਾਰੀ ਤੇ ਜਾਗਰੂਕਤਾ ਅਤਿ ਜ਼ਰੂਰੀ ਹੈ, ਤਾਂ ਜੋ ਬੱਚੇ ਇਹਨਾਂ ਬਿਮਾਰੀਆਂ ਤੋਂ ਬਚਾਅ ਕਰ ਸਕਣ। ਇਸ ਦੇ ਨਾਲ ਹੀ ਉਹਨਾਂ ਨੇ ਮੁੱਖ ਮੰਤਰੀ ਕੈਂਸਰ ਰਾਹਤ ਕੋਸ਼ ਤਹਿਤ ਮਰੀਜ਼ਾਂ ਨੂੰ ਸਿਹਤ ਸੇਵਾਵਾਂ ਦਾ ਲਾਭ ਲੈਣ ਸਬੰਧੀ ਸਿਹਤ ਸਿੱਖਿਆ ਦਿੱਤੀ। ਇਸ ਦੇ ਨਾਲ ਹੀ ਨੈਸ਼ਨਲ ਵੈਕਟਰ ਬੋਰਨ ਡੀਜ਼ੀਜ਼ ਕੰਟਰੋਲ ਪ੍ਰੋਗਰਾਮ, ਟੀਕਾਕਰਨ ਪ੍ਰੋਗਰਾਮ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜਾਗਰੂਕ ਕਰਦਿਆਂ ਖੇਡਾਂ ਵੱਲ ਪ੍ਰੇਰਿਤ ਕੀਤਾ। ਕਿਉਂਕਿ ਕਿ ਜੇਕਰ ਬੱਚਿਆਂ ਨੂੰ ਸਕੂਲ ਸਮੇਂ ਤੋਂ ਖੇਡਾਂ ਤੇ ਗਰਾਊਂਡਾਂ ਨਾਲ ਜੋੜ ਦਿੱਤਾ ਜਾਵੇ, ਤਾਂ ਯੁੱਧ ਨਸ਼ਿਆਂ ਵਿਰੁੱਧ ਦੇ ਅਸਲ ਮਨੋਰਥ ਨੂੰ ਆਪਾਂ ਰੱਲ ਮਿਲ ਕੇ ਪੂਰਾਂ ਕਰ ਸਕਦੇ ਹਾਂ। ਇਸ ਦੇ ਨਾਲ ਹੀ ਉਨ੍ਹਾਂ ਨੇ ਨੇਸ਼ਨਲ ਤੰਬਾਕੂ ਕੰਟਰੋਲ ਪ੍ਰੋਗਰਾਮ ਤਹਿਤ ਬੱਚਿਆਂ ਨੂੰ ਤੰਬਾਕੂ ਪਦਾਰਥਾਂ ਦੇ ਮਾੜੇ ਪ੍ਰਭਾਵਾਂ ਖ਼ਾਸ ਕਰਕੇ ਪੈਸਿਵ ਸਮੋਕਿੰਗ ਤੋਂ ਬਚਣ ਲਈ ਸਿਹਤ ਸਿੱਖਿਆ ਦਿੱਤੀ ਕਿ ਜਦੋਂ ਵੀ ਕੋਈ ਵਿਅਕਤੀ ਸਾਂਝੀਆਂ ਥਾਵਾਂ ਤੇ ਸਮੋਕਿੰਗ ਕਰਦਾਂ ਹੈ, ਤਾਂ ਕੋਲ ਖੜ੍ਹੇ ਬੱਚਿਆਂ ਔਰਤਾ ਅਤੇ ਬਜ਼ੁਰਗਾਂ ਨੂੰ ਸਮੋਕਿੰਗ ਕਰਨ ਵਾਲੇ ਨਾਲੋਂ ਜ਼ਿਆਦਾ ਨੁਕਸਾਨ ਹੁੰਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਹੋਰ ਸਿਹਤ ਪ੍ਰੋਗਰਾਮਾਂ ਸਬੰਧੀ ਵੀ ਜਾਗਰੂਕ ਕੀਤਾ। ਇਸ ਮੌਕੇਂ ਸਕੂਲ ਸਟਾਫ਼ ਰੇਨੂੰ ਬਾਲਾ,ਵਨੀਤਾ ਜੱਸਲ,ਕੁਲਵਿੰਦਰ ਕੌਰ,ਕੁਲਦੀਪ ਸਿੰਘ,ਮਨਦੀਪ ਕੌਰ ਮੌਜੂਦ ਸਨ।

# ਵਿਸ਼ਵ ਰੰਗਮੰਚ ਦਿਹਾੜਾ 27 ਨੂੰ ਪ੍ਰੋ. ਵਰਿਆਮ ਸਿੰਘ ਸੰਧੂ ਹੋਣਗੇ ਮੁੱਖ ਵਕਤਾ



**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 27 ਮਾਰਚ 2026 ਨੂੰ ਦਿਨੇ 11:00 ਵਜੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹੋ ਰਹੇ ਵਿਸ਼ਵ ਰੰਗ ਮੰਚ ਦਿਹਾੜਾ ਸਮਾਗਮ ਦੀਆਂ ਤਿਆਰੀਆਂ ਨੂੰ ਅੱਜ ਅੰਤਿਮ ਛੋਹਾਂ ਦਿੱਤੀਆਂ ਗਈਆਂ। ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਇਹ ਸਮਾਗਮ ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਜਲੰਧਰ,ਮਾਨਵ ਵਾਦੀ ਰਚਨਾ ਮੰਚ ਪੰਜਾਬ, ਸਾਹਿਤਕ ਸਭਿਆਚਾਰਕ ਸੰਸਥਾ (ਫੁਲਕਾਰੀ), ਪੀਪਲਜ਼ ਵਾਇਸ, ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ), ਸਾਹਿਤ ਕਲਾ ਕੇਂਦਰ ਜਲੰਧਰ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਇਸ ਮੌਕੇ ਕਮੇਟੀ ਦੇ ਸੀਨੀਅਰ ਟਰੱਸਟੀ ਪ੍ਰੋ. ਵਰਿਆਮ ਸਿੰਘ ਸੰਧੂ 'ਜ਼ਿੰਦਗੀ ਰੰਗ ਮੰਚ ਹੈ' ਵਿਚਾਰ ਸਾਂਝੇ ਕਰਦਿਆਂ ਇਤਿਹਾਸ ਨਵ ਸਮਾਜ ਅਤੇ ਜ਼ਿੰਦਗੀ ਦਾ ਸੰਗੀ ਸਾਥੀ ਰੰਗ ਮੰਚ ਵਿਸ਼ੇ ਤੇ ਵਿਚਾਰ ਚਰਚਾ ਕਰਨਗੇ। ਇਸ ਉਪਰੰਤ ਨਵਚਿੰਤਨ ਕਲਾ ਮੰਚ ਬਿਆਸ ਵੱਲੋਂ ਗੁਰਸ਼ਰਨ ਸਿੰਘ ਦਾ ਲਿਖਿਆ ਨਾਟਕ 'ਸੀਸ ਤਲੀ ਤੇ' ਨਿਰਦੇਸ਼ਕ ਕਰਾਂਤੀਪਾਲ ਅਤੇ ਸਹਿਯੋਗੀ ਪ੍ਰਿਤਪਾਲ ਦੀ ਨਿਰਦੇਸ਼ਨਾ 'ਚ ਅਤੇ ਨੀਰਜ ਕੌਸ਼ਿਕ ਦੀ ਨਿਰਦੇਸ਼ਨਾ 'ਚ ਲਘੂ-ਨਾਟਕ 'ਮੋਇਆਂ ਦੇ ਖ਼ਤ' ਅਦਾਕਾਰ ਆਰੂਸ਼ੀ ਤੇ ਐਸ.ਪੀ.ਸਿੰਘ ਵੱਲੋਂ ਖੇਡਿਆ ਜਾਏਗਾ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਲੋਕ-ਪੱਖੀ ਸੰਸਥਾਵਾਂ, ਵਿਦਵਾਨਾਂ, ਲੇਖਕਾਂ ਅਤੇ ਰੰਗਕਰਮੀਆਂ ਨੂੰ ਪਰਿਵਾਰਾਂ ਸਮੇਤ ਸ਼ਾਮਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ ਹੈ।

# ਰਾਮ ਨੌਂਵੀ ਦੇ ਸੰਬੰਧ 'ਚ ਅੱਪਰਾ 'ਚ ਸਮੋਸਿਆਂ ਦਾ ਲੰਗਰ ਲਗਾਇਆ

***ਸਬ ਇੰਸਪੈਕਟਰ ਸੁਖਦੇਵ ਸਿੰਘ ਔਲਖ ਚੌਂਕੀ ਇੰਚਾਰਜ ਅੱਪਰਾ ਵਿਸ਼ੇਸ ਤੌਰ 'ਤੇ ਹੋਏ ਹਾਜ਼ਰ***



**ਫਿਲੌਰ/ਅੱਪਰਾ, 26 ਮਾਰਚ (ਦੀਪਾ)**-ਸ੍ਰੀ ਰਾਮ ਨੌਂਵੀ ਦੇ ਸੰਬੰਧ 'ਚ ਅੱਪਰਾ ਦੇ ਮੇਨ ਬਜ਼ਾਰ 'ਚ ਸਮੋਸਿਆ ਦਾ ਲੰਗਰ ਲਗਾਇਆ ਗਿਆ । ਇਸ ਮੌਕੇ ਸਬ ਇੰਸਪੈਕਟਰ ਸੁਖਦੇਵ ਸਿੰਘ ਔਲਖ ਚੌਂਕੀ ਇੰਚਾਰਜ ਅੱਪਰਾ ਵਿਸ਼ੇਸ ਤੌਰ 'ਤੇ ਹਾਜ਼ਰ ਹੋਏ ਤੇ ਸਮੂਹ ਸੰਗਤਾਂ ਨੂੰ ਪ੍ਰਭੂ ਸ੍ਰੀ ਰਾਮ ਜੀ ਦੇ ਜੀਵਨ, ਸੋਚ ਤੇ ਸੰਕਲਪ ਤੋਂ ਸੇਧ ਲੈਣ ਲਈ ਪ੍ਰੇਰਿਤ ਕੀਤਾ । ਇਸ ਮੌਕੇ ਗੌਰਵ ਖੋਸਲਾ (ਅੱਪੂ), ਦੀਪਕ ਮਦਾਨ, ਹੀਰਾ ਖੋਸਲਾ, ਮਾਦਵ ਭੈਣੀ, ਹੈਪੀ, ਮੰਨੂ, ਮੁਕੇਸ਼ ਸਬਜ਼ੀ ਵਾਲਾ ਤੇ ਹੋਰ ਸੇਵਾਦਾਰ ਹਾਜ਼ਰ ਸਨ ।

## ਮਹਾਂ ਅਸ਼ਟਮੀ ਪੂਜਾ ਦਿਵਸ 'ਤੇ



ਲੋਕੀਂ ਧੀਆਂ ਖ਼ਤਮ ਕਰਨ ਲਈ ,
ਕੁੱਖਾਂ ਗਾਲ਼ਦੇ ਰਹਿੰਦੇ ਨੇ ।
ਫ਼ਿਰ ਪੁੱਤਰਾਂ ਦੀ ਜੋੜੀ ਖ਼ਾਤਰ ,
ਵਕਤ ਟਾਲ਼ਦੇ ਰਹਿੰਦੇ ਨੇ ।
ਦੇਵੀ ਮਾਤਾ ਨਾਲ਼ ਸੰਬੰਧਿਤ
ਸਾਲ 'ਚ ਆਉਂਦੇ ਨੇ ਜਿੰਨੇ ਦਿਨ;
ਉਹਨਾਂ 'ਚ ਪੂਜਾ ਕਰਨ ਲਈ ਉਹ
ਕੰਜਕਾਂ ਭਾਲ਼ਦੇ ਰਹਿੰਦੇ ਨੇ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ : 9914836037**

## ਜੰਗ

ਜਦੋਂ ਜਦੋਂ ਸਮਾਜ ਵਿੱਚ ਜੰਗ ਹੈ ਆਈ
ਹਾੜਾ ਚਾਰੇ ਪਾਸੇ ਉਦੋਂ ਉਦੋਂ ਮੱਚੀ ਤਬਾਹੀ।
ਅਕਲਾਂ ਵਾਲੇ ਦੇ ਆਖਿਆ ਵੀ ਨਾ ਰੁੱਕਦੀ
ਹੋਣੀ ਮੌਤ ਦੀ ਲੈ ਜੰਝ ਲੈ ਦੁਨੀਆਂ ਤੇ ਢੁੱਕਦੀ। ।
ਮਾਰੂ ਹਥਿਆਰਾਂ ਨੇ ਪਹਿਲਾਂ ਵੀ ਕਹਿਰ ਵਰਤਾਇਆ
ਲਾਸ਼ਾਂ ਦੇ ਢੇਰਾਂ ਤੇ ਜਿੱਤ ਦਾ ਪਰਚਮ ਲਹਿਰਾਇਆ।
ਵਿਸ਼ਵ ਪੱਧਰੀ ਜੰਗਾਂ ਦੀ ਮਾਰ ਦੀਨ ਨੇ ਝੱਲੀ
ਅੱਜ ਤੱਕ ਮਾਹੀ ਤੇ ਪੁੱਤ ਗੁਆ ਮਾਂ ਹੋਈ ਇਕੱਲੀ॥
ਦੁਨੀਆਂ ਨੂੰ ਤਬਾਹ ਕਰ ਕੇ ਕੀ ਹੈ ਖੱਟਣਾ
ਕਿਉਂ ਸਾਰਿਆਂ ਧਾਰ ਲਗਵਾਉਣਾ ਮੌਤ ਦਾ ਵੱਟਣਾ?
ਕਲਮਾਂ ਵਾਲਿਓ ਕਲਮਾਂ ਦਾ ਮੂੰਹ ਜੰਗ ਖਿਲਾਫ ਖੋਲ੍ਹੋ
ਸ਼ਾਂਤੀ ਦੀ ਬਹਾਲੀ ਲਈ ਖੁੱਲ੍ਹ ਕੇ ਸਭ ਬੋਲ੍ਹੋ॥
ਪਹਿਲਾਂ ਜੰਗਾਂ ਹੱਕ,ਸੱਚ ਅਤੇ ਇਮਾਨ ਲਈ ਲੜੀਆਂ
ਹੁਣ ਤਾਂ ਚੌਧਰਾਂ, ਪਦਾਰਥਾਂ ਲਈ ਫ਼ੌਜਾਂ ਚੜ੍ਹੀਆਂ।
ਜੰਗ ਵਿੱਚੋਂ ਨਾ ਕੁਝ ਖੱਟ ਹੁੰਦਾ ਕਿਤੇ ਵੀ ਨਫ਼ਾ
ਖ਼ਲਕਤ ਖ਼ਿਲਾ ਵੇਖੋ ਹਾਕਮ ਕਿਵੇਂ ਨਿਭਾਉਂਦੇ ਵਫ਼ਾ॥



**ਡਾ. ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਕਪਾਹੀ ਬੱਦਲ

ਇਹਨਾਂ ਕਪਾਹੀਂ ਬੱਦਲਾਂ,
ਵਰ੍ਹਨਾ ਏ ਇੱਕ ਦਿਨ ਖੁੱਲ੍ਹ ਕੇ।
ਉਸ ਦੇ ਯਕੀਨੀ ਘਾਤ ਦੀ,
ਆਉਣੀ ਹਨੇਰੀ ਝੁੱਲ ਕੇ।
ਲੀਹਾਂ 'ਚ ਅੱਥਰੂ ਡੁੱਲ੍ਹਣੇ,
ਪਾਈਆਂ ਜੋ ਸਾਡੇ ਹਾਸਿਆਂ।
ਅੱਖਾਂ ਦੇ ਕੋਏ ਪੂੰਝਣੇ,
ਫਿਰ ਬੇਵੱਸੀ ਦੇ ਕਾਸਿਆਂ।
ਐਵੇਂ ਤੂੰ ਸਾਡੀ ਸੁਰਤ ਦੀ,
ਗੁੱਝੀ ਖ਼ਬਰ ਨਾ ਲਵੀਂ।
ਆਪਣੇ ਨਕਾਰਾ ਇਲਮ ਨੂੰ,
ਥੋੜ੍ਹਾ ਜਿਹਾ ਸਮਝਾ ਲਵੀਂ।
ਯਾਦਾਂ ਦਾ ਗਰਦਾ ਭਿੱਜ ਕੇ,
ਪੈਰਾਂ ਦੇ ਪੈਰੀਂ ਪੈਣ ਤੱਕ।
ਚਾਨਣ ਦੀ ਟਿੱਕੀ ਲਾਉਣ ਦੇ,
ਕੋਠਾ ਜਿਸਮ ਦਾ ਢਹਿਣ ਤੱਕ।
ਖ਼ੌਰੇ ਮੈਂ ਆਪਣੇ ਜਿਉਂਣ ਦਾ,
ਕੋਈ ਵਸੀਲਾ ਕਰ ਲਵਾਂ।
ਗ਼ਮ ਦੀ ਸੁਨਾਮੀ ਆਉਣ ਤੱਕ,
ਹਿਜਰਾਂ ਦਾ ਹੀਲਾ ਕਰ ਲਵਾਂ।
ਹੈ ਜ਼ਿੰਦਗੀ ਫਿੱਕੀ ਜਿਹੀ,
ਗੁਜ਼ਰੀ ਗੁਨਾਹਾਂ ਤੋਂ ਪਰੇ।
ਮੈਨੂੰ ਮੇਰੇ ਇਖ਼ਲਾਕ਼ ਦੇ,
ਕਰ ਲੈਣ ਦੇ ਪੱਤੇ ਹਰੇ।
ਸਾਂਭੇ ਨੇ ਮੈਂ ਕੁਝ ਗੀਤ ਜਿਹੇ,
ਕਵਿਤਾ ਦਾ ਸੁਰਮਾ ਦਰਦਰਾ।
ਜੀਕਣ ਕੋਈ ਜਾਗੀਰ ਵਿੱਚ,
ਹੈ ਸਾਂਭਦਾ ਸੋਨਾ ਖਰਾ।
ਅੰਬਰ ਨੂੰ ਧਰਤੀ ਮਿਲ਼ ਸਕੇ,
ਨਾ ਇਸ਼ਕ ਦੇ ਵਿੱਚ ਜਿਸ ਤਰ੍ਹਾਂ।
ਦਿਨ-ਰਾਤ ਵਾਂਗੂੰ ਭਟਕਦੇ,
ਆਪਾਂ ਰਹਾਂਗੇ ਇਸ ਤਰ੍ਹਾਂ।
ਹੁਣ ਦੌਰ ਹੈ ਕੁਝ ਝਿੜਕ ਲੈ,
ਕੁਝ ਆਖ ਲੈ, ਕੁਝ ਬੋਲ ਲੈ।
ਮੇਰੇ ਬੁਝਣ ਤੀਕਰ ਮਹਿਰਮਾ,
ਬਾਕੀ ਵੀ ਪਰਦੇ ਖੋਲ੍ਹ ਲੈ।
ਹੁਣ ਅਗਨ ਦਾ ਦਰਿਆ ਵੀ ਹੈ,
ਵੇਲ਼ਾ ਵੀ ਹੈ, ਇਕਰਾਰ ਵੀ।
ਪਰ ਕੀ ਪਤਾ ਇਸ ਜਾਨ ਦਾ,
ਕੱਲ੍ਹ ਕਰ ਦੇਵੇ ਇਨਕਾਰ ਵੀ।
ਫਿਰ ਸਿਸਕੀਆਂ ਮਰਜਾਣੀਆਂ,
ਮਰ ਜਾਣ ਨਾ ਘੁੱਟ ਭਰਨ 'ਤੇ।
ਨਾ ਲਾ ਲਵੀਂ ਝੋਲ਼ੇ ਜਿਹੇ,
ਸ਼ਾਇਰ ਵਕਾਲਤ ਕਰਨ 'ਤੇ।
ਪਰਤੇਂਗਾ ਜਦ ਪਰਦੇਸ ਤੋਂ,
ਬੇਗਾਨਗੀ ਨੂੰ ਮਾਣ ਕੇ।
ਮੈਂ ਸੌਂ ਗਈ ਹੋਵਾਂਗੀ ਫਿਰ,
ਸ਼ਾਇਦ! ਨੀਲੱਤਣ ਤਾਣ ਕੇ।



**ਰਿਤੂ ਵਾਸੂਦੇਵ**

## ਸਮੇਂ ਦੀ ਹੇਰ ਫੇਰ

ਛੱਡ ਦੁਨੀਆ ਦਾਰੀ ਦੇ ਵਾਧੂ ਕੰਮਾਂ ਨੂੰ
ਤੂੰ ਆਪਣੇ ਮਨ ਨੂੰ ਲੈ ਸਮਝਾ
ਮੋਹ ਮਾਇਆ ਦੇ ਚੱਕਰ ਵਿੱਚ ਤੂੰ ਫਸਿਆ
ਕੁਝ ਸਮਾਂ ਆਪਣੇ ਚਾਹਣ ਵਾਲਿਆਂ ਨਾਲ ਬਿਤਾਅ॥
ਕੰਮ ਕਾਰ ਨਹੀਂ,,ਕਦੇ ਮੁੱਕਣੇ ਤੇਰੇ
ਇਹ ਜ਼ਿੰਦਗੀ ਮੁੱਕ ਜਾਣੀ
ਸਮੇਂ ਦਾ ਚੱਕਰ ਚੱਲਦਾ ਰਹਿਣਾ
ਤੂੰ ਆਪਣੇ ਮਨ ਨੂੰ ਲੈ ਸਮਝਾ
ਕੁਦਰਤ ਦੀ ਕੁਦਰਤ ਨੂੰ ਦੇਖਣ ਲਈ
ਤੂੰ ਵੀ ਕਿਧਰੇ ਘੁੰਮ ਕੇ ਆ॥
ਤਮਾ ਬੰਦੇ ਦੀ ਕਦੇ ਨਹੀਂ ਭਰਦੀ
ਚਾਹੇ ਸਾਰੀ ਦੁਨੀਆ ਦੀ ਦੌਲਤ ਤੂੰ ਪਾਲਾ
ਕੁਝ ਸਮਾਂ ਤੂੰ ਗਿੰਦਿਆ ਆਪਣੇ ਲਈ ਵੀ ਕੱਢ
ਬੀਤਿਆ ਸਮਾਂ ਵਾਪਸ ਕਦੇ ਨਹੀਂ ਆਉਣਾ॥
ਚਾਹਤ ਰਿਸ਼ਤੇ ਨਾਤੇ ਤੇਰੇ ਜਿਉਂਦਿਆਂ ਜੀ ਨੇ
ਅੱਖਾਂ ਬੰਦ ਹੁੰਦੀਆਂ ਹੀ ਤੇਰਿਆਂ,,
ਤੇਰੇ ਆਪਣਿਆਂ ਨੇ ਤੈਨੂੰ ਦਫਨਾਉਣਾ
ਜਿਹਨਾਂ ਲਈ ਤੂੰ ਮਰ ਮਰ ਪੈਂਦਾ
ਸਿੱਧੂਆ ਉਹਨਾਂ ਲਾਬੂ ਲਾਉਣਾ।
ਤੈਨੂੰ ਉਹਨਾਂ ਆਪਣਿਆਂ ਲਾਂਬੂ ਲਾਉਣਾ॥



**ਗੁਰਜਿੰਦਰ ਸਿੱਧੂ**
**ਜ਼ਿਲ੍ਹਾ ਗੁਰਦਾਸਪੁਰ**

## ਜਨਮ-ਦਿਨ ਮੁਬਾਰਕ



**ਮੋਹਿਤ**
ਪਿਤਾ ਸੰਨੀ
ਮਾਤਾ ਕਿਰਨ ਰਾਣੀ
ਜ਼ਿਲ੍ਹਾ --ਲੁਧਿਆਣਾ

# ਜਤਿੰਦਰ ਸਿੰਘ ਲਾਲੀ ਬਾਜਵਾ ਇੱਕ ਮਿਹਨਤੀ, ਇਮਾਨਦਾਰ ਅਤੇ ਪਾਰਟੀ ਨੂੰ ਸਮਰਪਿਤ ਆਗੂ ਹਨ : ਬਰਿੰਦਰ ਸਿੰਘ ਪਰਮਾਰ

**ਹੁਸ਼ਿਆਰਪੁਰ 26 ਮਾਰਚ ( ਤਰਸੇਮ ਦੀਵਾਨਾ )** - ਸ਼੍ਰੋਮਣੀ ਅਕਾਲੀ ਦਲ ( ਬਾਦਲ ) ਦੇ ਜ਼ਿਲ੍ਹਾ ਸਕੱਤਰ ਜਨਰਲ ਬਰਿੰਦਰ ਸਿੰਘ ਪਰਮਾਰ ਵੱਲੋਂ ਸ਼੍ਰੋਮਣੀ ਅਕਾਲੀ ਦਲ ( ਬਾਦਲ ) ਹੁਸ਼ਿਆਰਪੁਰ ਤੋ ਨਵ-ਨਿਯੁਕਤ ਸੀਨੀਅਰ ਮੀਤ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਨੂੰ ਇੱਕ ਵਿਸ਼ੇਸ਼ ਅਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਰਿੰਦਰ ਸਿੰਘ ਪਰਮਾਰ ਨੇ ਲਾਲੀ ਬਾਜਵਾ ਨੂੰ ਗੁਰੂ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਉਨ੍ਹਾਂ ਦਾ ਮਾਨ ਵਧਾਇਆ। ਇਸ ਮੌਕੇ ਹਾਜ਼ਰ ਵਰਕਰਾਂ ਅਤੇ ਆਗੂਆਂ ਨੇ ਜਤਿੰਦਰ ਸਿੰਘ ਲਾਲੀ ਬਾਜਵਾ ਦੀ ਨਿਯੁਕਤੀ ਦਾ ਭਰਵਾਂ ਸਵਾਗਤ ਕੀਤਾ ਅਤੇ ਪਾਰਟੀ ਹਾਈਕਮਾਂਡ ਦੇ ਇਸ ਫੈਸਲੇ ਨੂੰ ਸ਼ਲਾਘਾਯੋਗ ਦੱਸਿਆ। ਉਹਨਾਂ ਕਿਹਾ ਕਿ ਜਤਿੰਦਰ ਸਿੰਘ ਲਾਲੀ ਬਾਜਵਾ ਇੱਕ ਮਿਹਨਤੀ ਅਤੇ ਪਾਰਟੀ ਨੂੰ ਸਮਰਪਿਤ ਆਗੂ ਹਨ। ਉਨ੍ਹਾਂ ਦੀ ਸੀਨੀਅਰ ਮੀਤ ਪ੍ਰਧਾਨ ਵਜੋਂ ਨਿਯੁਕਤੀ ਨਾਲ ਜ਼ਿਲੇ ਵਿੱਚ



ਸ਼੍ਰੋਮਣੀ ਅਕਾਲੀ ਦਲ ਦੀਆਂ ਸਫਾਂ ਵਿੱਚ ਨਵਾਂ ਜੋਸ਼ ਭਰਿਆ ਹੈ। ਉਹਨਾਂ ਕਿਹਾ ਕਿ ਸਾਨੂੰ ਪੂਰੀ ਉਮੀਦ ਹੈ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਇੱਕ ਕਰਨਗੇ ਅਤੇ ਵਰਕਰਾਂ ਦੀਆਂ ਉਮੀਦਾਂ 'ਤੇ ਖ਼ਰੇ ਉਤਰਨਗੇ। ਉਹਨਾ ਕਿਹਾ ਕਿ ਅੱਜ ਉਨ੍ਹਾਂ ਦਾ ਸਨਮਾਨ ਕਰਨਾ ਸਾਡੇ ਸਾਰਿਆਂ ਲਈ ਬਹੁਤ ਮਾਣ ਵਾਲੀ ਗੱਲ ਹੈ। ਇਸ ਮੌਕੇ ਜਤਿੰਦਰ ਸਿੰਘ ਲਾਲੀ ਬਾਜਵਾ ਸੀਨੀਅਰ ਮੀਤ ਪ੍ਰਧਾਨ ਨੇ ਕਿਹਾ ਕਿ ਮੈ ਹਾਈਕਮਾਂਡ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਮੇਰੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਮੈਨੂੰ ਇਹ ਅਹਿਮ ਜ਼ਿੰਮੇਵਾਰੀ ਸੌਂਪੀ ਹੈ। ਉਹਨਾਂ ਕਿਹਾ ਕਿ ਅੱਜ ਜੋ ਮੈਨੂੰ ਸਿਰੋਪਾਓ ਪਾ ਕੇ ਸਨਮਾਨ ਦਿੱਤਾ ਗਿਆ ਹੈ, ਇਹ ਮੇਰੇ ਲਈ ਖੁਸ਼ੀ ਦੀ ਗੱਲ ਹੈ । ਉਹਨਾਂ ਕਿਹਾ ਕਿ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਪਾਰਟੀ ਦੀ ਚੜ੍ਹਦੀ ਕਲਾ ਲਈ ਪੂਰੀ ਇਮਾਨਦਾਰੀ ਨਾਲ ਕੰਮ ਕਰਾਂਗਾ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਵਾਉਣ ਲਈ ਹਮੇਸ਼ਾ ਮੋਹਰੀ ਹੋ ਕੇ ਡਟਾਂਗਾ। ਇਸ ਮੌਕੇ ਹੋਰਨਾਂ ਤੋ ਇਲਾਵਾ ਰਾਣਾ ਰਣਬੀਰ ਸਿੰਘ, ਸਰਬਜੀਤ ਸਿੰਘ ਬਡਵਾਲ, ਰਣਧੀਰ , ਪ੍ਰਭਜੋਤ ਸਿੰਘ ਸੈਬ ਆਦਿ ਹਾਜ਼ਰ ਸਨ !

**ਫੋਟੋ ਅਜਮੇਰ ਦੀਵਾਨਾ**

# ਵਿਸ਼ੇਸ਼ ਬੱਚਿਆਂ ਦੀ ਭਲਾਈ ਲਈ ਸਾਰਿਆਂ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ : ਪਵਿੱਤਰ ਸਿੰਘ

## ਆਸ਼ਾਦੀਪ ਵੈਲਫੇਅਰ ਸੁਸਾਇਟੀ ਨੂੰ 1.50 ਲੱਖ ਦਾ ਚੈੱਕ ਸੌਂਪਿਆ ਗਿਆ



**ਹੁਸ਼ਿਆਰਪੁਰ 26 ਮਾਰਚ ( ਤਰਸੇਮ ਦੀਵਾਨਾ )** - ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਮੈਂਬਰ ਪਵਿੱਤਰ ਸਿੰਘ ਕੁਲਾਰ ਵੱਲੋਂ ਆਪਣੇ ਪਿਤਾ ਸੁੱਚਾ ਸਿੰਘ ਕੁਲਾਰ ਦੀ ਯਾਦ ਵਿੱਚ ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਂਖੇਲਾ ਵਿੱਚ ਅਰਦਾਸ ਕਰਵਾਈ ਗਈ ਅਤੇ ਵਿਸ਼ੇਸ਼ ਬੱਚਿਆਂ, ਸਟਾਫ ਲਈ ਲੰਗਰ ਲਗਾਇਆ ਗਿਆ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਸੇਵਾ ਕਾਰਜ ਸਮਾਜ ਲਈ ਪ੍ਰੇਰਨਾ ਦਾ ਕੰਮ ਕਰਦੇ ਹਨ। ਉਨ੍ਹਾਂ ਦੱਸਿਆ ਕਿ ਪਵਿੱਤਰ ਸਿੰਘ ਵੱਲੋਂ ਵਿਸ਼ੇਸ਼ ਬੱਚਿਆਂ ਦੀ ਭਲਾਈ ਲਈ ਡੇਢ ਲੱਖ ਰੁਪਏ ਦਾ ਚੈੱਕ ਆਸ਼ਾਦੀਪ ਵੈਲਫੇਅਰ ਸੁਸਾਇਟੀ ਨੂੰ ਸੌਂਪਿਆ ਗਿਆ ਹੈ, ਜਿਸ ਨਾਲ ਆਉਣ ਵਾਲੇ ਦਿਨਾਂ ਵਿੱਚ ਸਕੂਲ ਦੇ ਅੰਦਰ ਵਿਕਾਸ ਦੇ ਕਾਰਜ ਕਰਵਾਏ ਜਾਣਗੇ। ਇਸ ਸਮੇਂ ਪਵਿੱਤਰ ਸਿੰਘ ਨੇ ਕਿਹਾ ਕਿ ਵਿਸ਼ੇਸ਼ ਬੱਚਿਆਂ ਦੀ ਸੇਵਾ ਤੋਂ ਵੱਡੀ ਕੋਈ ਦੂਜੀ ਸੇਵਾ ਨਹੀਂ ਹੈ, ਇਨ੍ਹਾਂ ਬੱਚਿਆਂ ਦੀ ਭਲਾਈ ਲਈ ਅਸੀਂ ਸਾਰਿਆਂ ਨੂੰ ਯੋਗਦਾਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਸ਼ਾਦੀਪ ਵੈਲਫੇਅਰ ਸੁਸਾਇਟੀ ਵੱਲੋਂ ਵਿਸ਼ੇਸ਼ ਬੱਚਿਆਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਲਈ ਕੀਤੇ ਜਾ ਰਹੇ ਯਤਨ ਸ਼ਲਾਘਾਯੋਗ ਹਨ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਸਕੱਤਰ ਕਰਨਲ ਗੁਰਮੀਤ ਸਿੰਘ, ਮਲਕੀਤ ਸਿੰਘ ਮਹੇੜੂ, ਮਸਤਾਨ ਸਿੰਘ ਗਰੇਵਾਲ, ਪਰਮਜੀਤ ਸਿੰਘ ਸਚਦੇਵਾ, ਰਾਮ ਆਸਰਾ, ਹਰਮੇਸ਼ ਤਲਵਾੜ, ਸੁਭਾਸ਼ ਮਹਿਤਾ, ਮਧੂਮੀਤ ਕੌਰ, ਸੁਖਦੇਵ ਸਿੰਘ, ਮੋਹਨ ਸਿੰਘ, ਹਰਵਿੰਦਰ ਕੌਰ, ਵਰਿੰਦਰ ਕੁਮਾਰ, ਪ੍ਰਿੰਸੀਪਲ ਸ਼ੈਲੀ ਸ਼ਰਮਾ ਅਤੇ ਸਟਾਫ ਮੈਂਬਰ ਮੌਜੂਦ ਸਨ।

**ਫੋਟੋ ਅਜਮੇਰ ਦੀਵਾਨਾ**

# ਕਮਲੇਸ਼ ਸ਼ਰਮਾ ਨੇ ਸਾਂਝੀ ਰਸੋਈ 'ਚ ਪਾਇਆ 5,000/- ਰੁਪਏ ਦਾ ਯੋਗਦਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਮੁਹੱਲਾ ਈਸ਼ ਨਗਰ, ਹੁਸ਼ਿਆਰਪੁਰ ਵਿਖੇ ਚਲਾਇਆ ਜਾ ਰਿਹਾ 'ਸਾਂਝੀ ਰਸੋਈ' ਪ੍ਰੋਜੈਕਟ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਬਹੁਤ ਹੀ ਸਫਲਤਾ ਪੂਰਵਕ ਚੱਲ ਰਿਹਾ ਹੈ। ਜਿਸ ਦਾ ਰੋਜ਼ਾਨਾ 450 ਤੋਂ 500 ਗ਼ਰੀਬ ਅਤੇ ਲੋੜਵੰਦ ਵਿਅਕਤੀ ਲਾਭ ਪ੍ਰਾਪਤ ਕਰ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਸਫਲਤਾ ਲਈ ਕਮਲੇਸ਼ ਸ਼ਰਮਾ ਦੁਆਰਾ ਆਪਣੇ ਪੁੱਤਰ ਅੰਕੁਰ ਸ਼ਰਮਾ ਦੇ ਜਨਮਦਿਨ ਮੌਕੇ ਤੇ ਰਕਮ 5,000/- ਰੁਪਏ ਦੀ ਰਾਸ਼ੀ ਸਾਂਝੀ ਰਸੋਈ ਵਿਖੇ ਦਿੱਤੀ ਗਈ ਹੈ। ਇਸ ਮੌਕੇ ਤੇ ਰੈੱਡ ਕਰਾਸ ਕਾਰਜਕਾਰਿਣੀ ਕਮੇਟੀ ਦੇ ਮੈਂਬਰ ਰਾਜੀਵ ਬਜਾਜ ਅਤੇ ਰੈੱਡ ਕਰਾਸ ਮੈਂਬਰ ਕੁਲਦੀਪ



ਕੋਹਲੀ ਮੌਜੂਦ ਰਹੇ। ਇਸ ਮੌਕੇ ਤੇ ਮੰਗੇਸ਼ ਸੂਦ ਵੱਲੋਂ ਇਹ ਵੀ ਦੱਸਿਆ ਗਿਆ ਕਿ ਜ਼ਿਲ੍ਹਾ ਰੈੱਡ ਕਰਾਸ ਵੱਲੋਂ ਚਲਾਇਆ ਜਾ ਰਿਹਾ ਇਹ ਪ੍ਰੋਜੈਕਟ ਜ਼ਿਲ੍ਹੇ ਦੇ ਦਾਨੀ ਸੱਜਣਾਂ/ਸਮਾਜ ਸੇਵਕਾਂ ਵੱਲੋਂ ਦਾਨ ਵਜੋਂ ਮੁਹੱਈਆ ਕੀਤੇ ਜਾ ਰਹੇ ਫੰਡਾਂ ਦੁਆਰਾ ਹੀ ਚਲਾਇਆ ਜਾ ਰਿਹਾ ਹੈ। ਜਿਨ੍ਹਾਂ ਵੱਲੋਂ ਜਿੱਥੇ ਬੁੱਕ-ਏ-ਡੇਅ ਸਕੀਮ ਅਧੀਨ ਆਪਣੇ ਪਰਿਵਾਰਕ ਮੈਂਬਰਾਂ ਦੇ ਜਨਮ ਦਿਨ, ਵਿਆਹ/ਸ਼ਾਦੀ ਵਰ੍ਹੇਗੰਢ ਅਤੇ ਯਾਦਾਂ ਨਾਲ ਸਬੰਧਤ ਦਿਨ ਸਾਂਝੀ ਰਸੋਈ ਵਿਖੇ ਮਨਾਉਣ ਸਬੰਧੀ ਲਗਾਤਾਰ ਵਿੱਤੀ ਸਹਾਇਤਾ ਮੁਹੱਈਆ ਕਰਨ ਦੇ ਨਾਲ-ਨਾਲ ਰਾਸ਼ਨ ਸਮੱਗਰੀ ਦੀ ਸਹਾਇਤਾ ਵੀ ਮੁਹੱਈਆ ਕਰਵਾਈ ਜਾਂਦੀ ਹੈ।

# ਸਰਾਈਨ ਬੋਰਡ ਸ਼ਰਧਾਲੂਆਂ ਦੀਆਂ ਸਹੂਲਤਾਂ ਅਤੇ ਅਸਥਾਨ ਦੀ ਸਾਂਭ-ਸੰਭਾਲ ਵਿੱਚ ਨਵੇਂ ਮੀਲ ਪੱਥਰ ਸਥਾਪਿਤ ਕਰੇਗਾ ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ 26 ਮਾਰਚ ( ਤਰਸੇਮ ਦੀਵਾਨਾ )** - ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਵੱਲੋਂ ਇਬਾਦਤੀ ਮਹਾਪੁਰਸ਼ ਬ੍ਰਹਮਲੀਨ ਸ੍ਰੀਮਾਨ ਸੰਤ ਲਾਲ ਦਾਸ ਜੀ ਦੇ ਬਰਸੀ ਸਮਾਗਮ ਮੌਕੇ ਰਹੀਮਪੁਰ ਉੱਗੀ ਨਕੋਦਰ ਵਿਖੇ ਬਾਲ ਜੋਗੀ ਨੂੰ ਸਰਾਇਨ ਬੋਰਡ ਦਾ ਚੇਅਰਮੈਨ ਨਿਯੁਕਤ ਹੋਣ 'ਤੇ ਦਿਲ ਦੀਆਂ ਗਹਿਰਾਈਆਂ ਤੋਂ ਵਧਾਈਆ ਦਿੱਤੀਆਂ ਇਸ ਮੌਕੇ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਾਲ ਜੋਗੀ ਦੀ ਇਸ ਅਹੁਦੇ 'ਤੇ ਨਿਯੁਕਤੀ ਸਮੁੱਚੇ ਸਮਾਜ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਬਾਲ ਜੋਗੀ ਵਰਗੀ ਸੂਝਵਾਨ ਅਤੇ ਧਰਮ ਪ੍ਰਤੀ ਸਮਰਪਿਤ ਸ਼ਖਸੀਅਤ



ਦਾ ਚੇਅਰਮੈਨ ਬਣਨਾ ਭਗਵਾਨ ਵਾਲਮੀਕ ਤੀਰਥ ਅਸਥਾਨ ਦੇ ਪ੍ਰਬੰਧਾਂ ਨੂੰ ਹੋਰ ਸੁਚਾਰੂ ਬਣਾਉਣ ਅਤੇ ਸਮਾਜਿਕ ਏਕਤਾ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ। ਸੰਤ ਹੀਰਾ ਨੇ ਆਸ ਪ੍ਰਗਟਾਈ ਕਿ ਬਾਲ ਜੋਗੀ ਦੀ ਅਗਵਾਈ ਹੇਠ ਸਰਾਈਨ ਬੋਰਡ ਸ਼ਰਧਾਲੂਆਂ ਦੀਆਂ ਸਹੂਲਤਾਂ ਅਤੇ ਅਸਥਾਨ ਦੀ ਸਾਂਭ-ਸੰਭਾਲ ਵਿੱਚ ਨਵੇਂ ਮੀਲ ਪੱਥਰ ਸਥਾਪਿਤ ਕਰੇਗਾ। ਉਹਨਾਂ ਕਿ ਆਦਿ ਧਰਮ ਮਿਸ਼ਨ ਹਮੇਸ਼ਾ ਅਜਿਹੀਆਂ ਸ਼ਖਸੀਅਤਾਂ ਦਾ ਸਤਿਕਾਰ ਕਰਦਾ ਹੈ ਜੋ ਮਨੁੱਖਤਾ ਅਤੇ ਧਰਮ ਦੇ ਪ੍ਰਚਾਰ ਲਈ ਕਾਰਜਸ਼ੀਲ ਹਨ। ਇਸ ਮੌਕੇ ਸੰਤ ਹੀਰਾ ਨੇ ਮਿਸ਼ਨ ਵੱਲੋਂ ਬਾਲ ਜੋਗੀ ਦੀ ਲੰਬੀ ਉਮਰ ਅਤੇ ਸਫਲ ਕਾਰਜਕਾਲ ਲਈ ਅਰਦਾਸ ਕੀਤੀ ! ਇਸ ਮੌਕੇ ਮਿਸ਼ਨ ਦੇ ਹੋਰ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਵੀ ਇਸ ਫੈਸਲੇ ਦਾ ਸਵਾਗਤ ਕੀਤਾ ਅਤੇ ਬਾਲ ਜੋਗੀ ਜੀ ਨੂੰ ਸ਼ੁਭਕਾਮਨਾਵਾਂ ਦਿੱਤੀਆਂ । ਇਸ ਮੌਕੇ ਸੰਤ ਸਤਵਿੰਦਰ ਹੀਰਾ ਵੱਲੋਂ ਸੰਤ ਪ੍ਰਗਟ ਨਾਥ ਨੂੰ ਸਿਰਪਾਓ ਭੇਟ ਕਰਕੇ ਸਨਮਾਨ ਕੀਤਾ ਇਸ ਮੌਕੇ ਸੰਤ ਬੀਬੀ ਪੂਨਮ ਹੀਰਾ ਆਦਿ ਹਾਜ਼ਰ ਸਨ ।

# ਗਰਭਵਤੀ ਔਰਤਾਂ ਲਈ ਸਹੀ ਡਾਇਟ–ਸਿਹਤਮੰਦ ਜੀਵਨ ਦੀ ਕੁੰਜੀ : ਡਾ ਗੀਤਾਂਜਲੀ ਸਿੰਘ

## ● ਗਰਭਵਤੀ ਔਰਤਾਂ ਨੂੰ ਸੰਤੁਲਿਤ ਆਹਾਰ, ਸਿਹਤਮੰਦ ਜੀਵਨਸ਼ੈਲੀ ਅਤੇ ਸਾਫ-ਸਫਾਈ ਦੀ ਮਹੱਤਤਾ ਬਾਰੇ ਦੱਸਿਆ ● ਮੀਰਪੁਰ ਜੱਟਾਂ ਵਿਖੇ ਮਮਤਾ ਦਿਵਸ ਮਨਾਇਆ

**ਨਵਾਂਸ਼ਹਿਰ, 26 ਮਾਰਚ (ਮਨੋਰੰਜਨ ਕਾਲੀਆ) : :** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੁੱਢਲਾ ਸਿਹਤ ਕੇਂਦਰ ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਗੀਤਾਂਜਲੀ ਸਿੰਘ ਦੀ ਯੋਗ ਰਹਿਨੁਮਾਈ ਹੇਠ ਸਿਹਤ ਵਿਭਾਗ, ਮੁਜ਼ੱਫਰਪੁਰ ਆਮ ਲੋਕਾਂ ਖਾਸ ਕਰਕੇ ਗਰਭਵਤੀ ਔਰਤਾਂ ਨੂੰ ਗੁਣਵੱਤਾਪੂਰਨ ਜੱਚਾ-ਬੱਚਾ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਯਤਨਸ਼ੀਲ ਹੈ। ਇਸੇ ਕੜੀ ਤਹਿਤ ਪਿੰਡ ਮੀਰਪੁਰ ਜੱਟਾਂ ਵਿਖੇ ਅੱਜ ਮਮਤਾ ਦਿਵਸ ਮੌਕੇ ਬੱਚਿਆਂ ਤੇ ਗਰਭਵਤੀਆਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਟੀਕਾਕਰਨ ਕੀਤਾ ਗਿਆ। ਇਸ ਮੌਕੇ ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਪੋਸ਼ਣ, ਸਿਹਤਮੰਦ ਜੀਵਨਸ਼ੈਲੀ ਅਤੇ ਸਾਫ-ਸਫਾਈ ਦੀ ਮਹੱਤਤਾ ਬਾਰੇ ਜਾਗਰੂਕ ਵੀ ਕੀਤਾ ਗਿਆ। ਇਸ ਮੌਕੇ ਮੁੱਢਲਾ ਸਿਹਤ ਕੇਂਦਰ ਮੁਜ਼ੱਫਰਪੁਰ ਦੇ ਸੀਨੀਅਰ



ਮੈਡੀਕਲ ਅਫ਼ਸਰ ਡਾ. ਗੀਤਾਂਜਲੀ ਸਿੰਘ ਨੇ ਦੱਸਿਆ ਕਿ ਜੱਚਾ ਅਤੇ ਬੱਚਾ ਦੀ ਸਿਹਤਯਾਬੀ ਲਈ ਗਰਭਧਾਰਨ ਦੌਰਾਨ ਔਰਤਾਂ ਨੂੰ ਪੌਸ਼ਟਿਕ ਆਹਾਰ ਲੈਣ ਦੀ ਬਹੁਤ ਜ਼ਰੂਰਤ ਹੁੰਦੀ ਹੈ। ਉਨ੍ਹਾਂ ਗਰਭਵਤੀ ਔਰਤਾਂ ਨੂੰ ਗਰਭ ਅਵੱਸਥਾ ਦੌਰਾਨ ਖ਼ਤਰੇ ਦੇ ਚਿੰਨ੍ਹਾਂ 'ਤੇ ਧਿਆਨ ਦੇਣ, ਸੰਪੂਰਨ ਟੀਕਾਕਰਨ ਯਕੀਨੀ ਬਣਾਉਣ, ਚਾਰ ਏ.ਐੱਨ.ਸੀ. ਚੈਕਅੱਪ ਕਰਵਾਉਣ, ਪੌਸ਼ਟਿਕ ਤੇ ਸੰਤੁਲਿਤ ਖੁਰਾਕ ਲੈਣ, 108 ਐਬੂਲੈਂਸ ਸੇਵਾ ਅਤੇ ਸੰਸਥਾਗਤ ਜਣੇਪਾ ਕਰਵਾਉਣ ਆਦਿ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਮਮਤਾ ਦਿਵਸ ਹਰ ਬੁੱਧਵਾਰ ਨੂੰ ਮਨਾਇਆ ਜਾਂਦਾ ਹੈ, ਜਿਸ ਦੌਰਾਨ 11 ਜਾਨਲੇਵਾ ਬਿਮਾਰੀਆਂ ਤੋਂ ਬਚਾਅ ਲਈ ਬੱਚਿਆਂ ਨੂੰ ਟੀਕੇ ਲਗਾਏ ਜਾਂਦੇ ਹਨ। ਨਾਲ ਹੀ ਗਰਭਵਤੀਆਂ ਦਾ ਟੀਕਾਕਰਨ ਵੀ ਕੀਤਾ ਜਾਂਦਾ ਹੈ। ਜੱਚਾ-ਬੱਚਾ ਮੌਤ ਦਰ ਘਟਾਉਣ ਲਈ ਸੰਪੂਰਨ ਟੀਕਾਕਰਨ ਯਕੀਨੀ ਬਣਾਉਣਾ ਜ਼ਰੂਰੀ ਹੈ। ਸਿਹਤ ਵਿਭਾਗ ਦਾ ਮਕਸਦ ਜੱਚਾ ਅਤੇ ਬੱਚਾ ਮੌਤ ਦਰ ਨੂੰ ਘੱਟ ਕਰਨਾ ਹੈ। ਇਸ ਲਈ ਗਰਭਵਤੀ ਔਰਤਾਂ ਅਤੇ ਨਵਜੰਮੇ ਬੱਚਿਆਂ ਦਾ ਸਮੇਂ ਸਿਰ ਟੀਕਾਕਰਨ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਇਸ ਮੌਕੇ ਮੈਡੀਕਲ ਅਫਸਰ ਡਾ ਹਰੀਸ਼ ਕਿਰਪਾਲ, ਬਲਾਕ ਐਕਸਟੈਂਸ਼ਨ ਐਜੂਕੇਟਰ ਮਨਿੰਦਰ ਸਿੰਘ, ਮਪਹਵ (ਮੇਲ) ਮਨਦੀਪ ਸਿੰਘ ਕਾਹਲੋਂ ਤੇ ਗੁਲਸ਼ਨ ਕੁਮਾਰ ਤੇ ਏ.ਐੱਨ.ਐੱਮ. ਰਾਕੇਸ਼ ਕੁਮਾਰੀ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਦੂਰ - ਦੁਰਾਡੇ ਜੰਗਲਾਂ ਅਤੇ ਪਹਾੜਾਂ ਵਿੱਚ ਜੰਗਲੀ ਜਾਨਵਰ , ਪੰਛੀਆਂ ਤੇ ਕੀੜੇ - ਮਕੌੜਿਆਂ ਦੀ ਸੇਵਾ ਕਰਨ ਅਤੇ ਪੌਦੇ ਲਗਾਉਣ ਜਾਣਾ ਤੁਹਾਡੇ ਲਈ ਖਤਰਨਾਕ ਹੋ ਸਕਦਾ ਹੈ.....

ਜ਼ਿੰਦਗੀ , ਸੰਸਾਰ ਜਾਂ ਕਹਿ ਲਓ ਪੂਰੇ ਬ੍ਰਹਿਮੰਡ ਵਿੱਚ ਜੋ ਕੁਝ ਵੀ ਘਟਦਾ ਹੈ , ਵਾਪਰਦਾ ਹੈ , ਕਿਰਿਆਵਾਂ - ਪ੍ਰਤੀਕਿਰਿਆਵਾਂ ਹੁੰਦੀਆਂ ਹਨ , ਕੰਮ ਹੁੰਦੇ ਹਨ ਮੈਂ ਸਮਝਦਾ ਹਾਂ ਉਹ ਕਿਸੇ ਦਿਵਯ ਸ਼ਕਤੀ , ਬ੍ਰਹਿਮੰਡੀ ਸ਼ਕਤੀ ਜਿਸ ਨੂੰ ਸ਼ਾਇਦ ਅਸੀਂ ਭਗਵਾਨ , ਪਰਮਾਤਮਾ , ਰੱਬ ਕਹਿੰਦੇ ਹਾਂ ਉਸਦੇ ਅਧੀਨ , ਉਸਦੇ ਇਸ਼ਾਰੇ ਨਾ਼ਲ , ਉਸਦੀ ਕਿਰਪਾ ਨਾਲ ਜਾਂ ਉਸਦੇ ਭਾਣੇ ਵਿੱਚ ਹੀ ਇਹ ਸਭ ਕੁਝ ਹੁੰਦਾ , ਵਾਪਰਦਾ , ਪ੍ਰਾਪਤ ਹੁੰਦਾ ਹੈ। ਮੈਂ ਵੀ ਉਸੇ ਬ੍ਰਹਿਮੰਡੀ ਸ਼ਕਤੀ , ਉਸ ਪਰਮਾਤਮਾ ਦੀ ਕਿਰਪਾ ਦੇ ਨਾ਼ਲ ਕੁਦਰਤ , ਵਾਤਾਵਰਨ , ਜੀਵ - ਜੰਤੂਆਂ , ਕੀੜੇ - ਮਕੌੜਿਆਂ ਤੇ ਪੰਛੀ - ਪਰਿੰਦਿਆਂ ਦੀ ਸੇਵਾ ਦੇ ਲਈ ਅਕਸਰ ਨਿਰੰਤਰ ਪਿਛਲੇ ਲਗਭਗ 31 ਸਾਲਾਂ ਤੋਂ ਭਾਵ ਸੰਨ 1995 ਤੋਂ ਘਰ ਦੇ ਨਜ਼ਦੀਕ , ਕਾਰਜਖੇਤਰ ਦੇ ਨਜ਼ਦੀਕ ਅਤੇ ਦੂਰ - ਦੁਰਾ-ਡੇ ਪਹਾੜਾਂ ਤੇ ਜੰਗਲਾਂ ਵਿੱਚ ਇਹਨਾਂ ਜੀਵਾਂ ਦੀ ਸੇਵਾ , ਇਹਨਾਂ ਨੂੰ ਭੋਜਨ , ਦਾਣਾ - ਪਾਣੀ ਪਾਉਣ ਅਤੇ ਪੌਦੇ ਲਗਾਉਣ ਲਈ ਅਕਸਰ ਇਸ ਸੇਵਾ ਨਾ਼ਲ ਜੁੜਿਆ ਹੋਇਆ ਹਾਂ , ਪਰ ਇੱਥੇ ਜੇਕਰ ਮੈਂ ਕਹਾਂ ਕਿ ' ਮੈਂ ਜੁੜਿਆ ਹੋਇਆ ਹਾਂ ' ਤਾਂ ਇਹ ਸ਼ਬਦ ਵੀ ਗਲਤ ਹਨ। ਮੈਨੂੰ ਪਰਮਾਤਮਾ ਨੇ ਇਸ ਸੇਵਾ ਨਾ਼ਲ ਜੋੜਿਆ ਹੋਇਆ ਹੈ ; ਕਿਉਂਕਿ ਸੋਚਣ - ਸਮਝਣ , ਵਿਚਾਰ ਕਰਨ ਅਤੇ ਦੇਖਣ ਵਾਲੀ ਗੱਲ ਹੈ ਕਿ ਜੰਗਲ ਸਾਡਾ ਘਰ ਨਹੀਂ ਹੈ। ਜੰਗਲ ਜੰਗਲੀ ਜਾਨਵਰਾਂ , ਖਤਰਨਾਕ ਤੇ ਖੂੰਖਾਰ ਜਾਨਵਰਾਂ ਦਾ ਘਰ ਹੈ। ਜਿੱਥੇ ਕਿ ਇੱਕ ਪਲ ਲਈ ਰਹਿਣਾ , ਜਾਣਾ ਖਤਰੇ ਤੋਂ ਖਾਲੀ ਨਹੀਂ ਹੁੰਦਾ। ਜੰਗਲਾਂ ਅਤੇ ਪਹਾੜਾਂ ਵਿੱਚ ਖਾਸ ਕਰਕੇ ਖਤਰਨਾਕ ਜਾਨਵਰਾਂ ਦਾ ਹੋਣਾ ਬਹੁਤ ਜਰੂਰੀ ਹੈ , ਪਰ ਪਿਛਲੇ 31 ਸਾਲਾਂ ਦੇ ਦੌਰਾਨ ਮੈਨੂੰ ਉੱਥੇ ਜਾ ਕੇ ਕੁਦਰਤ ਦੀ ਸੇਵਾ ਕਰਨ ਹਿੱਤ ਪਰਮਾਤਮਾ ਨੇ ਮੈਨੂੰ ਜੋੜਿਆ ਹੋਇਆ ਹੈ , ਪਰ ਇੱਥੋਂ ਕਿਸੇ ਨੂੰ ਇਹ ਪ੍ਰੇਰਨਾ ਨਹੀਂ ਲੈਣੀ ਚਾਹੀਦੀ ਕਿ ਤੁਸੀਂ ਵੀ ਮੇਰੀ ਨਕਲ ਕਰਕੇ , ਮੇਰੀ ਰੀਸ ਕਰਕੇ ਜੰਗਲਾਂ ਜਾਂ ਪਹਾੜਾਂ ਵਿੱਚ ਜਾ ਕੇ ਹੀ ਜੰਗਲੀ ਜਾਨਵਰਾਂ ਤੇ ਪੰਛੀਆਂ ਦੀ ਸੇਵਾ ਕਰੋ ; ਕਿਉਂਕਿ ਇਹ ਤੁਹਾਡੇ ਲਈ ਖਤਰਨਾਕ ਹੋ ਸਕਦਾ ਹੈ। ਜੰਗਲਾਂ ਵਿੱਚ ਜਰੂਰੀ ਨਹੀਂ ਕਿ ਹਰ ਸਮੇਂ ਸਾਨੂੰ ਪਿਆਰੇ - ਪਿਆਰੇ ਪੰਛੀ , ਪਿਆਰੇ - ਪਿਆਰੇ ਕੋਮਲ ਹਿਰਨ , ਮੋਰ ਖਰਗੋਸ਼ ਅਤੇ ਹੋਰ ਕੋਮਲ ਤੇ ਸੁੰਦਰ ਪੰਛੀ ਜਾਂ ਜਾਨਵਰ ਹੀ ਮਿਲਣ। ਸਾਨੂੰ ਉੱਥੇ ਖਤਰਨਾਕ , ਖੂੰਖਾਰ ਜਾਨਵਰਾਂ , ਅਜਗਰਾਂ , ਸਰਾ਼ਲ , ਭਿਆਨਕ ਜਹਿਰੀਲੇ ਸੱਪਾਂ ,













ਬਿੱਛੂਆਂ , ਜਹਿਰੀਲੀਆਂ ਜੜੀ - ਬਟੀਆਂ , ਜਹਿਰੀਲੇ ਪੌਦਿਆਂ , ਮਧੂ - ਮੱਖੀਆਂ , ਭਰਿੰਡਾਂ , ਜਹਿਰੀਲੇ ਪੌਦਿਆਂ ਜਾਂ ਹੋਰ ਜਹਿਰੀਲੇ ਖਤਰਨਾਕ ਉੱਡਦੇ ਹੋਏ ਕੀਟ - ਪਤੰਗਿਆਂ ਤੋਂ ਸਾਡੇ ਸਰੀਰ ਨੂੰ , ਸਾਨੂੰ ਕਿਸੇ ਵੀ ਤਰ੍ਹਾਂ ਦਾ ਖਤਰਾ /ਨੁਕਸਾਨ ਹੋ ਸਕਦਾ ਹੈ ਤੇ ਸਾਡੇ ਲਈ ਜਾਨਲੇਵਾ ਹੋ ਸਕਦਾ ਹੈ। ਪਰਮਾਤਮਾ ਦੀ ਕਿਰਪਾ ਨਾ਼ਲ ਮੈਂ ਜੇਕਰ ਦੂਰ - ਦੁਰਾਡੇ ਜੰਗਲਾਂ ਤੇ ਪਹਾੜਾਂ ਵਿੱਚ ਇਹ ਸੇਵਾ ਕਰਨ ਜਾਂ ਪੌਦੇ ਲਗਾਉਣ ਲਈ ਜਾਂਦਾ ਹਾਂ ਤੇ ਪਿਛਲੇ ਲਗਭਗ 31 ਸਾਲਾਂ ਤੋਂ ਜੰਗਲਾਂ ਨਾ਼ਲ ਜੁੜਿਆ ਹੋਇਆ ਹਾਂ ਤਾਂ ਇਹ ਪਰਮਾਤਮਾ ਦੀ ਕਿਰਪਾ ਨਾ਼ਲ ਹੀ ਮੈਂ ਜਾਂਦਾ ਹਾਂ ਤੇ ਮੇਰਾ ਆਪਣਾ ਸ਼ੌਕ ਤੇ ਕੁਦਰਤ ਨਾ਼ਲ ਪਿਆਰ ਹੈ ਤੇ ਪਰਮਾਤਮਾ ਹੀ ਇਹ ਸਭ ਕੁਝ ਕਰਵਾ ਰਿਹਾ ਹੈ ਤੇ ਮੈਂ ਅੱਜ ਤੱਕ ਹਰ ਤਰ੍ਹਾਂ ਦੇ ਖਤਰੇ ਤੋਂ ਮਹਿਫ਼ੂਜ਼ ਵੀ ਰਿਹਾ। ਉਸਦੀ ਕਿਰਪਾ ਤੋਂ ਬਿਨਾਂ ਮੇਰੇ ਵਿੱਚ ਕੋਈ ਵੀ ਇਹੋ ਜਿਹੀ ਹਿੰਮਤ - ਹੌਸਲਾ ਜਾਂ ਧਨ / ਪੈਸਾ , ਸਮਾਂ ਤੇ ਸੁਰੱਖਿਆ ਕਵਚ ਨਹੀਂ ਹੈ ਕਿ ਮੈਂ ਘਰ , ਆਪਣੇ ਕਾਰਜਖੇਤਰ ਦੇ ਨਜ਼ਦੀਕ ਕੁਦਰਤ ਦੀ ਸੇਵਾ , ਵਾਤਾਵਰਨ ਦੀ ਸੇਵਾ ਕਰਨ ਦੇ ਨਾ਼ਲ - ਨਾ਼ਲ ਨਿਰੰਤਰ ਜੰਗਲਾਂ ਵਿੱਚ ਤੇ ਪਹਾੜਾਂ ਵਿੱਚ ਵੀ ਜਾਂਦਾ ਰਹਾਂ। ਮੈਂ ਸਮਝਦਾ ਹਾਂ ਕਿ ਪਰਮਾਤਮਾ ਆਪ ਹੀ ਇਹ ਕਾਰਜ ਮੇਰੇ ਕੋਲੋਂ ਕਰਵਾ ਰਿਹਾ ਹੈ ; ਨਹੀਂ ਤਾਂ ਸੋਚਣ ਵਾਲੀ ਗੱਲ ਹੈ ਕਿ ਨਿਰੰਤਰ ਇਸ ਤਰ੍ਹਾਂ ਕਰਦੇ ਰਹਿਣਾ ਕੋਈ ਆਮ ਗੱਲ ਨਹੀਂ ਹੈ। ਨਾ ਹੀ ਸੰਜੀਵ ਧਰਮਾਣੀ ਦੇ ਵੱਸ ਦੀ ਗੱਲ ਹੈ। ਅੱਜ ਜੇਕਰ ਪਰਮਾਤਮਾ ਮੇਰੇ ਕੋਲੋਂ ਇਹ ਸੇਵਾ - ਕੰਮ ਕਰਵਾ ਰਿਹਾ ਹੈ ਤਾਂ ਉਹੀ ਕਰਵਾ ਰਿਹਾ ਹੈ। ਸੋ ਮੇਰੀ ਸਭ ਨੂੰ ਬੇਨਤੀ ਹੈ ਕਿ ਤੁਸੀਂ ਘਰ ਦੇ ਨਜ਼ਦੀਕ , ਕਾਰਜਖੇਤਰ ਦੇ ਨਜ਼ਦੀਕ ਰਹਿ ਕੇ ਹੀ ਕੁਦਰਤ ਤੇ ਵਾਤਾਵਰਨ ਦੀ ਸੇਵਾ ਕਰੋ। ਕੁਦਰਤ ਅਤੇ ਵਾਤਾਵਰਨ ਸੰਬੰਧੀ , ਜੰਗਲਾਂ - ਪਹਾੜਾਂ ਵਿੱਚ ਜਾ ਕੇ ਸੋਸ਼ਲ ਮੀਡੀਆ 'ਤੇ ਆੱਨਲਾਈਨ ਜਾਂ ਆੱਫਲਾਈਨ ਢੰਗ ਨਾ਼ਲ ਮੇਰੀ ਕੋਈ ਵੀ ਵੀਡੀਓ ਜਾਂ ਮੇਰੀ ਕੋਈ ਵੀ ਖਬਰ ਸਿਰਫ ਕੁਦਰਤ ਦੀ ਸੇਵਾ ਕਰਨ ਦੀ ਗੱਲ ਦੱਸਦੀ ਹੈ , ਇਸ ਤੋਂ ਇਹ ਪ੍ਰੇਰਿਤ ਨਾ ਹੋਇਆ ਜਾਵੇ ਕਿ ਜੰਗਲਾਂ ਜਾਂ ਪਹਾੜਾਂ ਵਿੱਚ ਹੀ ਜਾਣਾ ਹੈ ; ਕਿਉਂਕਿ ਉੱਥੇ ਜਾਣਾ ਤੁਹਾਡੇ ਲਈ ਖਤਰਨਾਕ ਹੈ ਤੇ ਇਹ ਤੁਹਾਡੀ ਆਪਣੀ ਜਿੰਮੇਵਾਰੀ ਹੈ।

**ਮਾਸਟਰ ਸੰਜੀਵ ਧਰਮਾਣੀ**
**ਸ਼੍ਰੀ ਅਨੰਦਪੁਰ ਸਾਹਿਬ**
**9478561356**

# ਜਿੱਥੇ ਪੁਲਿਸ ਹੀ ਅਸੁਰੱਖਿਅਤ ਹੋਵੇ, ਉੱਥੇ ਆਮ ਆਦਮੀ ਦੀ ਸੁਰੱਖਿਆ ਦਾ ਜ਼ਿੰਮੇਵਾਰ ਕੌਣ?

ਥਾਣਿਆਂ ਵਿੱਚ ਘੱਟਦੀ ਨਫਰੀ , ਸਿਆਸਤ ਦੇ ਸਾਏ ਹੇਠ ਘੁੱਟਦੀ ਪੁਲਿਸ—ਸੁਰੱਖਿਆ ਕੌਣ ਦੇਵੇਗਾ ? ਲੰਮੇ ਸਮੇਂ ਤੋਂ ਸਿਆਸੀ ਦਬਾਅ , ਅਣਗਿਣਤ ਕੰਮ ਦਾ ਬੋਝ ਅਤੇ ਅੰਦਰੂਨੀ ਭ੍ਰਿਸ਼ਟਚਾਰ ਨੇ ਪੁਲਿਸ ਫੋਰਸ ਨੂੰ ਅੰਦਰੋਂ ਖੋਖਲਾ ਕਰ ਦਿੱਤਾ । ਪੰਜਾਬ ਦੀ ਪੁਲਿਸ , ਜੋ ਕਦੇ ਕਾਨੂੰਨ ਦੀ ਰੱਖਿਆ ਦਾ ਮਜ਼ਬੂਤ ਸਤੰਭ ਮੰਨੀ ਜਾਂਦੀ ਸੀ , ਅੱਜ ਖੁਦ ਹੀ ਦਬਾਅ , ਥਕਾਵਟ ਅਤੇ ਨਿਰਾਸ਼ਾ ਦਾ ਸ਼ਿਕਾਰ ਬਣਦੀ ਜਾ ਰਹੀ ਹੈ । ਲੰਮੇ ਸਮੇਂ ਤੋਂ ਵਧ ਰਹੇ ਸਿਆਸੀ ਦਬਾਅ ਨੇ ਪੁਲਿਸ ਕਰਮਚਾਰੀਆਂ ਦੀ ਮਾਨਸਿਕ ਹਾਲਤ ਨੂੰ ਇੰਨਾ ਕਮਜ਼ੋਰ ਕਰ ਦਿੱਤਾ ਹੈ ਕਿ ਆਤਮ ਹੱਤਿਆਵਾਂ ਦਾ ਰੁਝਾਨ ਵੀ ਡਰਾਉਣੇ ਪੱਧਰ 'ਤੇ ਪਹੁੰਚ ਰਿਹਾ ਹੈ । ਸਵਾਲ ਇਹ ਨਹੀਂ ਕਿ ਇਹ ਕਿਉਂ ਹੋ ਰਿਹਾ ਹੈ, ਸਵਾਲ ਇਹ ਹੈ ਕਿ ਇਸਨੂੰ ਰੋਕਣ ਲਈ ਕੀਤਾ ਕੀ ਜਾ ਰਿਹਾ ਹੈ ?

ਅੱਜ ਹਾਲਤ ਇਹ ਹੈ ਕਿ 55 ਸਾਲ ਦੀ ਉਮਰ ਤੱਕ ਪਹੁੰਚਣ ਤੋਂ ਪਹਿਲਾਂ ਹੀ ਕਈ ਪੁਲਿਸ ਕਰਮਚਾਰੀ ਆਪਣੀ ਨੌਕਰੀ ਛੱਡਣ ਨੂੰ ਤਰਜੀਹ ਦੇ ਰਹੇ ਹਨ । ਕਾਰਨ ਸਪਸ਼ਟ ਹੈ ਨਾ ਕੋਈ ਕੰਮ ਦਾ ਸਮਾਂ ਨਾ ਮਨੁੱਖੀ ਜ਼ਿੰਦਗੀ ਲਈ ਇੱਜ਼ਤ ਅਤੇ ਨਾ ਹੀ ਉੱਚ ਅਧਿਕਾਰੀਆਂ ਵੱਲੋਂ ਸਹਿਯੋਗ ਦੀ ਉਮੀਦ । ਉਲਟਾ , ਉੱਪਰੋਂ ਹੁਕਮ ਆਉਂਦੇ ਹਨ "ਇਹ ਕਰੋ, ਉਹ ਕਰੋ" ਚਾਹੇ ਉਹ ਕਾਨੂੰਨੀ ਹੋਵੇ ਜਾਂ ਨਾ । ਭਾਵ ਇਹ ਹੈ ਕਿ ਜਿਹੜੇ ਪੁਲਿਸ ਅਧਿਕਾਰੀ ਕਾਨੂੰਨ ਦੀ ਰੱਖਿਆ ਲਈ ਕੁਰਸੀਆਂ 'ਤੇ ਬੈਠੇ ਹਨ , ਉਹਨਾਂ ਵਿੱਚੋਂ ਕੁਝ ਹੀ ਭ੍ਰਿਸ਼ਟ ਤੇ ਕੁਰਸੀ ਦੇ ਭੁੱਖੇ ਲੋਕ ਪੂਰੀ ਫੋਰਸ ਨੂੰ ਸਿਆਸੀ ਬੇੜੀਆਂ ਵਿੱਚ ਜਕੜ ਕੇ ਰੱਖ ਰਹੇ ਹਨ। ਜਿਵੇਂ ਕੋਈ ਖੇਤ ਵਿੱਚ ਇੱਕ ਦੋ ਜੰਗਲੀ ਬੂਟੇ ਸਾਰੀ ਫਸਲ ਨੂੰ ਖਰਾਬ ਕਰ ਦਿੰਦੇ ਹਨ , ਉਸੇ ਤਰ੍ਹਾਂ ਕੁਝ ਉੱਚ ਅਹੁਦਿਆਂ ਵਾਲੇ ਅਧਿਕਾਰੀ ਸਾਰੀ ਫੋਰਸ ਦੀ ਇਮਾਨਦਾਰੀ ਨੂੰ ਦਾਗ਼ ਲਗਾ ਰਹੇ ਹਨ । ਭਾਂਵੇ ਕਾਨੂੰਨ ਦੀ ਲਾਠੀ ਹੁਣ ਕਮਜ਼ੋਰ ਨਹੀਂ ਪਰ ਉਸਨੂੰ ਫੜਨ ਵਾਲੇ ਹੱਥ ਥੱਕ ਚੁੱਕੇ ਹਨ । ਸਭ ਤੋਂ ਵੱਡੀ ਵਿਡੰਬਨਾ ਇਹ ਹੈ ਕਿ ਸਰਕਾਰ ਦੇ ਨੁਮਾਇੰਦਿਆਂ ਦੀ ਸੁਰੱਖਿਆ ਲਈ ਪੁਲਿਸ ਦੀ ਵੱਡੀ ਨਫਰੀ ਤਾਇਨਾਤ ਕੀਤੀ ਗਈ ਹੈ । ਮੰਤਰੀ, ਵਿਧਾਇਕ ਅਤੇ ਹੋਰ ਸਿਆਸੀ ਚਿਹਰੇ ਕੜੀ ਸੁਰੱਖਿਆ ਵਿੱਚ ਘੁੰਮਦੇ ਹਨ ਬੇਸ਼ੱਕ ਬਲਾਕ ਪੱਧਰ ਦੇ ਆਗੂਆਂ ਨੂੰ ਸੁਰੱਖਿਆ ਗਾਰਡ ਦੇਣਾ ਸਾਲ 2015 ਵਿੱਚ ਅਕਾਲੀ ਭਾਜਪਾ ਸਰਕਾਰ ਨੇ ਸ਼ੁਰੂ ਕੀਤਾ ਸੀ ਜੋ ਉਸ ਤਰਜ ਤੇ ਕਰੀਬ ਕਰੀਬ ਅੱਜ ਵੀ ਜਾਰੀ ਹੈ ਪਰ ਜਨਤਾ ਦੀ ਸੁਰੱਖਿਆ ਲਈ ਥਾਣਿਆਂ ਵਿੱਚ ਨਫਰੀ ਘੱਟਦੀ ਜਾ ਰਹੀ ਹੈ ।

ਇੱਕ ਇੱਕ ਪੜਤਾਲੀਆ ਅਫ਼ਸਰ ਕੋਲ 12 ਤੋਂ 13 ਪਿੰਡਾਂ ਦੀ ਜੈਲ ਦੀ ਜ਼ਿੰਮੇਵਾਰੀ ਹੈ । ਸੋਚਣ ਵਾਲੀ ਗੱਲ ਹੈ ਕੀ ਇੱਕ ਇਨਸਾਨ ਇੰਨੇ ਵੱਡੇ ਖੇਤਰ ਵਿੱਚ ਕਾਨੂੰਨ-ਵਿਵਸਥਾ ਨੂੰ ਢੰਗ ਨਾਲ ਸੰਭਾਲ ਸਕਦਾ ਹੈ ? ਜਦੋਂ ਇੱਕ ਅਧਿਕਾਰੀ ਹੀ ਥੱਕ ਕੇ ਹਾਰ ਜਾਵੇਗਾ, ਤਾਂ ਇਨਸਾਫ ਦੀ ਉਮੀਦ ਕਿਸ ਤੋਂ ਕੀਤੀ ਜਾਵੇ ? ਥਾਣੇ ਖਾਲੀ , ਸੁਰੱਖਿਆ ਕਾਗਜ਼ਾਂ 'ਚ ਕੀ ਇਹੀ ਹੈ ਸਰਕਾਰ ਦਾ ਗੁੱਡ ਗਵਰਨੈਂਸ ਮਾਡਲ ?

ਸਿਆਸੀ ਦਬਾਅ ਹੇਠ ਪੁਲਿਸ ਨੂੰ ਅਕਸਰ ਉਹ ਕੰਮ ਵੀ ਕਰਨੇ ਪੈਂਦੇ ਹਨ ਜੋ ਕਾਨੂੰਨ ਦੇ ਖਿਲਾਫ ਹੁੰਦੇ ਹਨ। ਜਦੋਂ ਅਧਿਕਾਰੀ ਇਨਕਾਰ ਕਰਦੇ ਹਨ, ਤਾਂ ਉਹਨਾਂ ਨੂੰ ਟ੍ਰਾਂਸਫਰ, ਤਕਲੀਫ਼ ਜਾਂ ਤਣਾਅ ਦਾ ਸਾਹ-ਮਣਾ ਕਰਨਾ ਪੈਂਦਾ ਹੈ। ਇਹੀ ਕਾਰਨ ਹੈ ਕਿ ਮਾਨਸਿਕ ਦਬਾਅ ਵਧਦਾ ਜਾ ਰਿਹਾ ਹੈ ਅਤੇ ਕਈ ਪੁਲਿਸ ਕਰਮਚਾਰੀ ਅੰਤ ਵਿੱਚ ਗਲਤ ਫ਼ੈਸਲੇ ਲੈਣ 'ਤੇ ਮਜਬੂਰ ਹੋ ਜਾਂਦੇ ਹਨ । ਸਰਕਾਰਾਂ ਵੱਲੋਂ ਵੱਡੇ ਵੱਡੇ ਦਾਅਵੇ ਕੀਤੇ ਜਾਂਦੇ ਹਨ ਪੁਲਿਸ ਰੀਫਾਰਮ , ਆਧੁਨਿਕਤਾ, ਲੋਕਾਂ ਦੀ ਸੁਰੱਖਿਆ ਪਰ ਜ਼ਮੀਨੀ ਹਕੀਕਤ ਕੁਝ ਹੋਰ ਹੀ ਬਿਆਨ ਕਰਦੀ ਹੈ। ਅਸਲ ਵਿੱਚ ਪੁਲਿਸ ਨੂੰ ਇੱਕ ਸਿਆਸੀ ਹਥਿਆਰ ਵਾਂਗ ਵਰਤਿਆ ਜਾ ਰਿਹਾ ਹੈ, ਨਾ ਕਿ ਇੱਕ ਸੁਤੰਤਰ ਸੰਸਥਾ ਵਜੋਂ ।

ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਇਸ ਗੰਭੀਰ ਮਾਮਲੇ ਨੂੰ ਸਿਰਫ਼ ਅੰਕੜਿਆਂ ਤੱਕ ਸੀਮਿਤ ਨਾ ਰੱਖੇ, ਸਗੋਂ ਜ਼ਮੀਨੀ ਸੁਧਾਰ ਕਰੇ। ਪੁਲਿਸ ਨੂੰ ਸਿਆਸੀ ਦਬਾਅ ਤੋਂ ਮੁਕਤ ਕੀਤਾ ਜਾਵੇ, ਨਫਰੀ ਵਧਾਈ ਜਾਵੇ ਅਤੇ ਮਾਨਸਿਕ ਸਿਹਤ ਲਈ ਢੁਕਵੇਂ ਪ੍ਰਬੰਧ ਕੀਤੇ ਜਾਣ । ਅੰਤ ਵਿੱਚ ਸਵਾਲ ਸਿੱਧਾ ਹੈ ਜਿੱਥੇ ਪੁਲਿਸ ਹੀ ਅਸੁਰੱਖਿਅਤ ਹੈ ਉੱਥੇ ਆਮ ਆਦਮੀ ਦੀ ਸੁਰੱਖਿਆ ਦਾ ਜ਼ਿੰਮੇਵਾਰ ਕੌਣ ?



ਪੱਤਰਕਾਰ ਬਲਦੇਵ ਸਿੰਘ ਜਨੂਹਾ
9814824215

# ਜ਼ਿਲ੍ਹਾ ਭਾਸ਼ਾ ਅਫਸਰ ਸੰਗਰੂਰ ਦੀ ਕਾਰਗੁਜ਼ਾਰੀ 'ਤੇ ਸਵਾਲ, ਕਰਦਾ ਹੈ ਡਾਇਰੀ ਨੰਬਰ ਤੇ ਤਾਰੀਖ ਤੋਂ ਬਿਨਾਂ ਪੱਤਰ ਜ਼ਾਰੀ

**ਸੰਗਰੂਰ, 26 ਮਾਰਚ ( ਬਲਦੇਵ ਸਿੰਘ ਜਨੂਹਾ ):-** ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਸਰਕਾਰੀ ਤੇ ਪ੍ਰਸ਼ਾਸਨ ਦੇ ਦਫਤਰਾਂ ਦਾ ਕੰਮਲਈ ਬਣਾਇਆ ਗਿਆ ਭਾਸ਼ਾ ਵਿਭਾਗ ਪੰਜਾਬ ਇਸ ਵੇਲੇ ਆਪਣੀ ਕਾਰਗੁਜ਼ਾਰੀ ਨੂੰ ਲੈ ਕੇ ਸਵਾਲਾਂ ਦੇ ਘੇਰੇ ਵਿੱਚ ਹੈ। ਜ਼ਿਲ੍ਹਾ ਸੰਗਰੂਰ ਵਿਖੇ ਵਿਭਾਗ ਦੇ ਦਫਤਰ ਵੱਲੋਂ ਜ਼ਾਰੀ ਕੀਤੇ ਇੱਕ ਪੱਤਰ 'ਤੇ ਡਾਇਰੀ ਨੰਬਰ ਤੇ ਜਾਰੀ ਕੀਤੀ ਤਾਰੀਖ ਨਾਂ ਹੋਣ ਕਾਰਨ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ।

ਜਾਣਕਾਰੀ ਅਨੁਸਾਰ ਪੰਜਾਬੀ ਭਾਸ਼ਾ ਪ੍ਰੇਮੀ ਰਮੇਸ਼ਵਰ ਸਿੰਘ ਨੇ ਵਿਭਾਗ ਨੂੰ ਜਾਣੂ ਕਰਵਾਇਆ ਸੀ ਸੰਗਰੂਰ ਪਟਿਆਲਾ ਰੋਡ ਸਥਿਤ ਪੀ ਜੀ ਆਈ ਹਸਪਤਾਲ ਤੇ ਹੋਮੀ ਭਾਵਾ ਕੈਂਸਰ ਹਸਪਤਾਲ ਵਿੱਖੇ ਸਾਈਨ ਬੋਰਡ ਵਗੈਰਾ ਅੰਗਰੇਜ਼ੀ ਤੇ ਹਿੰਦੀ ਵਿੱਚ ਲਿਖੇ ਹੋਏ ਹਨ। ਜਦੋਂ ਕਿ ਪੰਜਾਬ ਰਾਜ ਭਾਸ਼ਾ ਸੋਧ ਬਿਲ -2008 ਦੇ ਅਧੀਨ ਪੰਜਾਬੀ ਭਾਸ਼ਾ ਵਿੱਚ ਲਿਖੇ ਜਾਣ। ਇਸਦੇ ਜ਼ਵਾਬ ਵਿਚ ਉਹਨਾਂ ਨੂੰ ਵਿਭਾਗ ਵੱਲੋਂ ਇੱਕ ਅਧਿਕਾਰਕ ਪੱਤਰ ਪ੍ਰਾਪਤ ਹੋਇਆ ਪਰ ਹੈਰਾਨੀ ਦੀ ਗੱਲ ਇਹ ਰਹੀ ਕਿ ਉਸ ਪੱਤਰ 'ਤੇ ਕੋਈ ਵੀ ਡਾਇਰੀ ਨੰਬਰ ਤੇ ਤਾਰੀਖ ਦਰਜ਼ ਨਹੀਂ ਸੀ । ਜਦੋਂ ਇਸ ਬਾਰੇ ਸੰਬੰਧਤ ਦਫ਼ਤਰ ਨਾਲ ਪੁੱਛਗਿੱਛ ਕੀਤੀ ਗਈ ਤਾਂ ਅਧਿਕਾਰੀਆਂ ਵੱਲੋਂ ਕਿਹਾ ਗਿਆ ਕਿ "ਅਜਿਹੇ ਨਿੱਜੀ ਪੱਤਰਾਂ 'ਤੇ ਡਾਇਰੀ ਨੰਬਰ ਤੇ ਤਾਰੀਖ ਲਗਾਉਣ ਦੀ ਬਹੁਤੀ ਜ਼ਰੂਰਤ ਨਹੀਂ ਹੁੰਦੀ, ਇਹ ਤਾਂ ਅਸੀਂ ਵੈਸੇ ਹੀ ਕਾਪੀ ਕੱਢ ਕੇ ਭੇਜ ਦਿੰਦੇ ਹਾਂ ।

ਇਸ ਜਵਾਬ ਨੇ ਨਾ ਸਿਰਫ਼ ਰਮੇਸ਼ਵਰ ਸਿੰਘ, ਸਗੋਂ ਹੋਰ ਭਾਸ਼ਾ ਪ੍ਰੇਮੀਆਂ ਵਿੱਚ ਵੀ ਨਾਰਾਜ਼ਗੀ ਪੈਦਾ ਕਰ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰੀ ਦਫਤਰ ਵੱਲੋਂ ਜ਼ਾਰੀ ਹਰ ਪੱਤਰ ਦਾ ਰਿਕਾਰਡ ਹੋਣਾ ਲਾਜ਼ਮੀ ਹੁੰਦਾ ਹੈ, ਤਾਂ ਜੋ ਪਾਰਦਰਸ਼ਤਾ ਅਤੇ ਜਵਾਬਦੇਹੀ ਬਣੀ ਰਹੇ। ਬਿਨਾਂ ਡਾਇਰੀ ਨੰਬਰ ਤੇ ਤਾਰੀਖ ਦੇ ਜਾਰੀ ਕੀਤੇ ਪੱਤਰ ਭਵਿੱਖ ਵਿੱਚ ਗਲਤਫ਼ਹਿਮੀਆਂ ਅਤੇ ਗੈਰ-ਜ਼ਿੰਮੇਵਾਰੀ ਨੂੰ ਜਨਮ ਦੇ ਸਕਦੇ ਹਨ।



ਦਫ਼ਤਰ: ਜ਼ਿਲ੍ਹਾ ਭਾਸ਼ਾ ਅਫ਼ਸਰ, ਸੰਗਰੂਰ
ਪਤਾ: ਕਮਰਾ ਨੰ.223-224, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੰਗਰੂਰ
ਈ.ਮੇਲ ਆਈ.ਡੀ. dlo.sangrur2019@gmail.com

ਵੱਲ

ਡਾਇਰੈਕਟਰ,
ਪੀ.ਜੀ.ਆਈ.
ਭਵਾਨੀਗੜ੍ਹ ਰੋਡ,
ਘਾਬਦਾਂ, ਸੰਗਰੂਰ।

ਪੱਤਰ ਨੰ: ਮਿਤੀ,ਸੰਗਰੂਰ/

ਵਿਸ਼ਾ:- ਹਸਪਤਾਲ ਦੇ ਸੂਚਨਾ ਬੋਰਡ ਪੰਜਾਬੀ ਭਾਸ਼ਾ ਵਿੱਚ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸ੍ਰੀ ਰਮੇਸ਼ਵਰ ਸਿੰਘ ਵੱਲੋਂ ਪ੍ਰਾਪਤ ਸ਼ਿਕਾਇਤ ਅਨੁਸਾਰ ਆਪ ਦੇ ਹਸਪਤਾਲ ਦੇ ਕੈਂਪਸ ਤੇ ਨਵੇਂ ਬਣ ਰਹੇ ਹਸਤਪਾਲ ਦੇ ਸੂਚਨਾ ਬੋਰਡ/ਨਾਮ ਪੱਟੀਆਂ ਆਦਿ ਪੰਜਾਬੀ ਵਿੱਚ ਨਹੀਂ ਹਨ ਜੋ ਕਿ ਪੰਜਾਬ ਰਾਜ ਭਾਸ਼ਾ ਐਕਟ 1967, ਪੰਜਾਬ ਰਾਜ ਭਾਸ਼ਾ ਤਰਮੀਮ ਐਕਟ, 2008 ਅਤੇ ਪੰਜਾਬ ਰਾਜ ਭਾਸ਼ਾ ਸੋਧ ਐਕਟ 2021 ਦੀ ਉਲੰਘਣਾ ਹੈ। ਇਸ ਲਈ ਆਪ ਦੇ ਹਸਪਤਾਲ ਦੇ ਸੂਚਨਾ ਬੋਰਡ/ਨਾਮ ਪੱਟੀਆਂ ਆਦਿ ਪੰਜਾਬੀ ਭਾਸ਼ਾ ਵਿੱਚ ਕਰਵਾਕੇ ਸੂਚਨਾ ਇਸ ਦਫ਼ਤਰ ਨੂੰ ਜਲਦ ਤੋਂ ਜਲਦ ਭੇਜਣ ਦੀ ਖੇਚਲ ਕਰਨਾ ਜੀ।

—ਸਹੀ—
ਜ਼ਿਲ੍ਹਾ ਭਾਸ਼ਾ ਅਫ਼ਸਰ,
ਸੰਗਰੂਰ

ਪਿੱਠ ਅੰਕਣ ਨੰ. 760 ਮਿਤੀ, ਸੰਗਰੂਰ/24.02.2026

ਉਪੋਰਕਤ ਦਾ ਉਤਾਰਾ:

1. ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਜੀ ਨੂੰ ਉਨ੍ਹਾਂ ਦੇ ਪੱਤਰ ਨੰ. 1811 ਮਿਤੀ 23.02.2026 ਦੇ ਸਬੰਧ ਵਿੱਚ ਸੂਚਨਾ ਹਿਤ ਭੇਜਿਆ ਜਾਂਦਾ ਹੈ।
2. ✓ ਰਮੇਸ਼ਵਰ ਸਿੰਘ, ਸੁਨਾਮੀ ਗੇਟ, ਸੰਗਰੂਰ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਭਾਸ਼ਾ ਅਫ਼ਸਰ,
ਸੰਗਰੂਰ

ਸੂਝਵਾਨਾਂ ਦਾ ਮੰਨਣਾ ਹੈ ਕਿ ਸਰਕਾਰੀ ਪ੍ਰਕਿਰਿਆਵਾਂ ਵਿੱਚ ਡਾਇਰੀ ਨੰਬਰ ਬਹੁਤ ਅਹਿਮ ਹੁੰਦਾ ਹੈ ਤੇ ਡਾਇਰੀ ਜਾਂ ਚਿੱਠੀ ਲਿਖਣ ਦੀ ਤਾਰੀਖ ਸੀ ਉਸ ਦਾ ਆਧਾਰ ਹੁੰਦਾ ਹੈ, ਕਿਉਂਕਿ ਇਹ ਦਸਤਾਵੇਜ਼ ਦੀ ਪ੍ਰਮਾਣਿਕਤਾ ਅਤੇ ਟ੍ਰੈਕਿੰਗ ਲਈ ਜ਼ਰੂਰੀ ਹੈ। ਇਸਦੀ ਗੈਰਹਾਜ਼ਰੀ ਵਿਭਾਗ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰਦੀ ਹੈ। ਇਸ ਮਾਮਲੇ ਨੇ ਇੱਕ ਵਾਰ ਫਿਰ ਸਰਕਾਰੀ ਦਫ਼ਤਰਾਂ ਦੀ ਲਾਪਰਵਾਹੀ ਅਤੇ ਨਿਯਮਾਂ ਦੀ ਉਲੰਘਣਾ ਨੂੰ ਉਜਾਗਰ ਕੀਤਾ ਹੈ। ਸਥਾਨਕ ਲੋਕਾਂ ਅਤੇ ਭਾਸ਼ਾ ਪ੍ਰੇਮੀਆਂ ਨੇ ਮੰਗ ਕੀਤੀ ਹੈ ਕਿ ਉੱਚ ਅਧਿਕਾਰੀ ਇਸ ਮਾਮਲੇ ਦੀ ਜਾਂਚ ਕਰਕੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨ ਅਤੇ ਭਵਿੱਖ ਵਿੱਚ ਅਜਿਹੀਆਂ ਗਲਤੀਆਂ ਨੂੰ ਰੋਕਣ ਲਈ ਸਖ਼ਤ ਨਿਯਮ ਲਾਗੂ ਕੀਤੇ ਜਾਣ।



ਪਤਾ: ਕਮਰਾ ਨੰ.223-224, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੰਗਰੂਰ
ਈ.ਮੇਲ ਆਈ.ਡੀ. dlo.sangrur2019@gmail.com

ਵੱਲ

ਡਾਇਰੈਕਟਰ,
ਟਾਟਾ ਮੈਮੋਰੀਅਲ ਸੈਂਟਰ.
ਹੋਮੀ ਭਾਭਾ ਕੈਂਸਰ ਹਸਪਤਾਲ,
ਮੁਬਾਰਕ ਮਹਿਲ ਕਲੋਨੀ, ਸੰਗਰੂਰ।

ਪੱਤਰ ਨੰ: ਮਿਤੀ,ਸੰਗਰੂਰ/

ਵਿਸ਼ਾ:- ਹਸਪਤਾਲ ਦੇ ਸੂਚਨਾ ਬੋਰਡ ਪੰਜਾਬੀ ਭਾਸ਼ਾ ਵਿੱਚ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਇਸ ਦਫ਼ਤਰ ਦੇ ਪੱਤਰ ਨੰ.'404 ਮਿਤੀ 06.02.2025 ਰਾਹੀਂ ਆਪ ਨੂੰ ਹਸਪਤਾਲ ਦੇ ਕੈਂਪਸ ਦੇ ਸੂਚਨਾ ਬੋਰਡ/ਨਾਮ ਪੱਟੀਆਂ ਆਦਿ ਪੰਜਾਬੀ (ਗੁਰਮੁਖੀ ਲਿਪੀ) ਵਿੱਚ ਕਰਨ ਹਿਤ ਲਿਖਿਆ ਗਿਆ ਸੀ ਪਰੰਤੂ ਸ੍ਰੀ ਰਮੇਸ਼ਵਰ ਸਿੰਘ ਵੱਲੋਂ ਪ੍ਰਾਪਤ ਸ਼ਿਕਾਇਤ ਅਨੁਸਾਰ ਆਪ ਵੱਲੋਂ ਬੋਰਡ ਪੰਜਾਬੀ ਭਾਸ਼ਾ ਵਿੱਚ ਨਹੀਂ ਕੀਤੇ ਗਏ ਜੋ ਕਿ ਪੰਜਾਬ ਰਾਜ ਭਾਸ਼ਾ ਐਕਟ 1967, ਪੰਜਾਬ ਰਾਜ ਭਾਸ਼ਾ ਤਰਮੀਮ ਐਕਟ, 2008 ਅਤੇ ਪੰਜਾਬ ਰਾਜ ਭਾਸ਼ਾ ਸੋਧ ਐਕਟ 2021 ਦੀ ਉਲੰਘਣਾ ਹੈ। ਇਸ ਲਈ ਆਪ ਦੇ ਹਸਪਤਾਲ ਦੇ ਸੂਚਨਾ ਬੋਰਡ/ਨਾਮ ਪੱਟੀਆਂ ਆਦਿ ਪੰਜਾਬੀ ਭਾਸ਼ਾ ਵਿੱਚ ਕਰਵਾਕੇ ਸੂਚਨਾ ਇਸ ਦਫ਼ਤਰ ਨੂੰ ਜਲਦ ਤੋਂ ਜਲਦ ਭੇਜਣ ਦੀ ਖੇਚਲ ਕਰਨਾ ਜੀ।

—ਸਹੀ—
ਜ਼ਿਲ੍ਹਾ ਭਾਸ਼ਾ ਅਫ਼ਸਰ,
ਸੰਗਰੂਰ

ਪਿੱਠ ਅੰਕਣ ਨੰ. 757 ਮਿਤੀ, ਸੰਗਰੂਰ/24.02.2026

ਉਪੋਰਕਤ ਦਾ ਉਤਾਰਾ:

1. ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਜੀ ਨੂੰ ਉਨ੍ਹਾਂ ਦੇ ਪੱਤਰ ਨੰ. 1811 ਮਿਤੀ 23.02.2026 ਦੇ ਸਬੰਧ ਵਿੱਚ ਸੂਚਨਾ ਹਿਤ ਭੇਜਿਆ ਜਾਂਦਾ ਹੈ।
2. ✓ ਰਮੇਸ਼ਵਰ ਸਿੰਘ, ਸੁਨਾਮੀ ਗੇਟ, ਸੰਗਰੂਰ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਭਾਸ਼ਾ ਅਫ਼ਸਰ,
ਸੰਗਰੂਰ

# ਮਾਪਿਆਂ ਨੂੰ ਨਿੱਜੀ ਸਕੂਲਾਂ ਦੀ ਲੁੱਟ ਤੋਂ ਬਚਾਉਣਾ ਸਰਕਾਰ ਦੀ ਮੁੱਡਲੀ ਜਿੰਮੇਵਾਰੀ

**ਸੰਗਰੂਰ,26 ਮਾਰਚ ( ਬਲਦੇਵ ਸਿੰਘ ਜਨੂਹਾ ):-** ਨਿੱਜੀ ਸਕੂਲਾਂ ਵੱਲੋਂ ਫੀਸਾਂ, ਕਾਪੀਆਂ, ਟਰਾਂਸਪੋਰਟ ਅਤੇ ਕਲਚਰਲ ਪ੍ਰੋਗਰਾਮਾਂ ਦੇ ਨਾਂ ’ਤੇ ਹੋ ਰਹੀ ਮਾਪਿਆਂ ਦੀ ਅੰਨ੍ਹੀ ਲੁੱਟ ਅੱਜ ਪੰਜਾਬ ਦੇ ਸਿੱਖਿਆ ਪ੍ਰਣਾਲੀ ’ਤੇ ਇੱਕ ਵੱਡਾ ਦਾਗ ਬਣ ਚੁੱਕੀ ਹੈ। ਸਿੱਖਿਆ ਜਿਹੜੀ ਕਿ ਬੱਚਿਆਂ ਦਾ ਬੁਨਿਆਦੀ ਅਧਿਕਾਰ ਹੈ, ਉਸਨੂੰ ਵਪਾਰ ਬਣਾਕੇ ਕੁਝ ਨਿੱਜੀ ਸਕੂਲ ਮਾਲ ਕਮਾਉਣ ਦਾ ਸਾਧਨ ਬਣਾ ਬੈਠੇ ਹਨ। ਹਰ ਸਾਲ ਨਵੇਂ-ਨਵੇਂ ਬਹਾਨਿਆਂ ਨਾਲ ਫੀਸਾਂ ਵਿੱਚ ਵਾਧਾ ਕਰਨਾ, ਜ਼ਬਰਦਸਤੀ ਮਹਿੰਗੀਆਂ ਕਿਤਾਬਾਂ ਅਤੇ ਕਾਪੀਆਂ ਖਰੀਦਵਾਉਣਾ, ਵਰਦੀਆਂ ਮਨ ਚਾਹੀਆਂ ਦੁਕਾਨਾਂ ਤੋਂ ਦਿਵਾਉਣ, ਟਰਾਂਸਪੋਰਟ ਦੇ ਨਾਂ ’ਤੇ ਵਾਧੂ ਰਕਮ ਵਸੂਲਣਾ ਅਤੇ ਕਲਚਰਲ ਪ੍ਰੋਗਰਾਮਾਂ ਦੇ ਨਾਂ ’ਤੇ ਮਾਪਿਆਂ ਦੀ ਜੇਬ ਖਾਲੀ ਕਰਨਾ , ਇਹ ਸਭ ਕੁਝ ਖੁੱਲ੍ਹੀ ਲੁੱਟ ਦੇ ਬਰਾਬਰ ਹੈ ।

ਇਸਦੇ ਨਾਲ ਹੀ ਸਭ ਤੋਂ ਵੱਡੀ ਨਾਕਾਮੀ ਸਰਕਾਰ ਦੀ ਦਿਖਾਈ ਦਿੰਦੀ ਹੈ । ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਾਰ-ਵਾਰ ਇਹ ਦਾਅਵਾ ਕੀਤਾ ਗਿਆ ਕਿ ਸਰਕਾਰੀ ਸਕੂਲਾਂ ਨੂੰ ਨਿੱਜੀ ਸਕੂਲਾਂ ਵਰਗਾ ਬਣਾਇਆ ਜਾਵੇਗਾ , ਪਰ ਜਮੀਨੀ ਹਕੀਕਤ ਇਸਦੇ ਉਲਟ ਨਜ਼ਰ ਆਉਂਦੀ ਹੈ । ਅੱਜ ਵੀ ਕਈ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ , ਬੁਨਿਆਦੀ ਸਹੂਲਤਾਂ ਦੀ ਕਮੀ ਅਤੇ ਪ੍ਰਬੰਧਕੀ ਕਮਜ਼ੋਰੀਆਂ ਸਾਫ਼ ਦਿਖਾਈ ਦਿੰਦੀਆਂ ਹਨ । ਇਸਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਸੈਂਕੜੇ ਸਰਕਾਰੀ ਸਕੂਲ




ਬੰਦ ਹੋ ਚੁੱਕੇ ਹਨ, ਜੋ ਸਿੱਧਾ-ਸਿੱਧਾ ਸਿੱਖਿਆ ਦੇ ਹੱਕ ’ਤੇ ਹੱਲਾ ਹੈ । ਜੇ ਸਰਕਾਰ ਸੱਚਮੁੱਚ ਸਿੱਖਿਆ ਪ੍ਰਣਾਲੀ ਨੂੰ ਸੁਧਾਰਨਾ ਚਾਹੁੰਦੀ ਹੈ ਤਾਂ ਉਸਨੂੰ ਸਿਰਫ਼ ਦਾਅਵੇ ਨਹੀਂ , ਸਖ਼ਤ ਫੈਸਲੇ ਲੈਣੇ ਪੈਣਗੇ । ਨਿੱਜੀ ਸਕੂਲਾਂ ਦੀ ਫੀਸਾਂ ’ਤੇ ਕੜੀ ਨਿਗਰਾਨੀ ਹੋਵੇ , ਇੱਕ ਸਪਸ਼ਟ ਫੀਸ ਰੈਗੂਲੇਟਰੀ ਮਕੈਨਿਜ਼ਮ ਬਣਾਇਆ ਜਾਵੇ ਅਤੇ ਮਾਪਿਆਂ ਦੀ ਲੁੱਟ ਨੂੰ ਤੁਰੰਤ ਰੋਕਿਆ ਜਾਵੇ । ਇਸਦੇ ਨਾਲ ਹੀ ਸਰਕਾਰੀ ਸਕੂਲਾਂ ਨੂੰ ਬੰਦ ਕਰਨ ਦੀ ਬਜਾਏ ਉਨ੍ਹਾਂ ਨੂੰ ਮਜ਼ਬੂਤ ਕੀਤਾ ਜਾਵੇ , ਨਵੇਂ ਅਧਿਆਪਕ ਭਰਤੀ ਕੀਤੇ ਜਾਣ, ਢਾਂਚਾਗਤ ਸੁਵਿਧਾਵਾਂ ਨੂੰ ਸੁਧਾਰਿਆ ਜਾਵੇ ਅਤੇ ਪੜ੍ਹਾਈ ਦਾ ਮਿਆਰ ਉੱਚਾ ਕੀਤਾ ਜਾਵੇ । ਸਰਕਾਰ ਨੂੰ ਇਹ ਵੀ ਸਮਝਣਾ ਪਵੇਗਾ ਕਿ ਸਿੱਖਿਆ ਕੋਈ ਵਪਾਰ ਨਹੀਂ, ਸਗੋਂ ਸਮਾਜ ਦੀ ਨੀਂਹ ਹੈ । ਜੇ ਇਹ ਨੀਂਹ ਕਮਜ਼ੋਰ ਹੋ ਗਈ ਤਾਂ ਭਵਿੱਖ ਵੀ ਅਸਥਿਰ ਹੋ ਜਾਵੇਗਾ। ਮਾਪਿਆਂ ਦੀ ਮਿਹਨਤ ਦੀ ਕਮਾਈ ਨੂੰ ਲੁੱਟਣ ਵਾਲਿਆਂ ’ਤੇ ਲਗਾਮ ਲਗਾਉਣਾ ਅਤੇ ਸਰਕਾਰੀ ਸਿੱਖਿਆ ਨੂੰ ਮਜ਼ਬੂਤ ਕਰਨਾ , ਇਹੀ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ ।

# ਉੱਘੇ ਸਾਹਿਤਕਾਰ ਮੰਗਾ ਸਿੰਘ ਬਾਸੀ ਦੇ ਦੇਹਾਂਤ 'ਤੇ ਗਹਿਰਾ ਦੁੱਖ ਪ੍ਰਗਟਾਇਆ

**ਧੂਰੀ (ਰਮੇਸ਼ਵਰ ਸਿਘ)** ਉੱਘੇ ਲੇਖਕ ਅਤੇ ਸਫ਼ਲ ਕਾਰੋਬਾਰੀ ਮੰਗਾ ਸਿੰਘ ਬਾਸੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਪੰਜਾਬੀ ਸਾਹਿਤ ਸਭਾ ਧੂਰੀ ਵੱਲੋਂ ਡੂੰਘਾ ਦੁੱਖ ਅਤੇ ਅਫ਼ਸੋਸ ਪ੍ਰਗਟਾਇਆ ਗਿਆ ਹੈ । ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ , ਜਨਰਲ ਸਕੱਤਰ ਚਰਨਜੀਤ ਸਿੰਘ ਮੀਮਸਾ ਅਤੇ ਵਿੱਤ ਸਕੱਤਰ ਗੁਰਮੀਤ ਸਿੰਘ ਸੋਹੀ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਮੰਗਾ ਬਾਸੀ ਦਾ ਵਿਛੋੜਾ ਪੰਜਾਬੀ ਸਾਹਿਤ ਲਈ ਨਾ ਪੂਰਿਆ ਜਾਣ ਵਾਲ਼ਾ ਘਾਟਾ ਹੈ । ਉਨ੍ਹਾਂ ਇਹ ਵੀ ਕਿਹਾ ਕਿ ਬਾਸੀ ਨੇ ਆਪਣੀਆਂ ਲਿਖਤਾਂ ਰਾਹੀਂ ਮਨੁੱਖੀ ਸੰਵੇਦਨਾਵਾਂ ਨੂੰ ਡੂੰਘਾਈ ਨਾਲ਼ ਪ੍ਰਗਟਾਇਆ ਇਸ ਲਈ ਉਨ੍ਹਾਂ ਨੂੰ ਇੱਕ ਸੰਵੇਦਨਸ਼ੀਲ ਤੇ ਸਮਰਪਿਤ ਲੇਖਕ ਵਜੋਂ ਯਾਦ ਕੀਤਾ ਜਾਵੇਗਾ । ਉਨ੍ਹਾਂ ਦੀਆਂ ਲਿਖਤਾਂ ਵਿੱਚ ਜ਼ਿੰਦਗੀ ਦੀ ਸਚਾਈ ਅਤੇ ਜਜ਼ਬਾਤਾਂ ਦੀ ਨਿਰਮਲਤਾ ਵਸਦੀ ਸੀ ਇਸ ਲਈ ਮੰਗਾ ਸਿੰਘ ਬਾਸੀ ਦਾ ਸਾਹਿਤਕ ਅਤੇ ਸਮਾਜਿਕ ਨੂੰ



ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ ।

ਜ਼ਿਕਰਯੋਗ ਹੈ ਕਿ 73 ਸਾਲਾ ਮੰਗਾ ਸਿੰਘ ਬਾਸੀ ਪਿਛਲੇ ਦਿਨੀਂ ਕਨੇਡਾ ਦੇ ਕੈਮਲੂਪਸ ਸਥਿਤ ਰੋਇਲ ਇਨਲੈਂਡ ਹਸਪਤਾਲ ਵਿੱਚ ਇਲਾਜ ਅਧੀਨ ਸਨ ਜਿੱਥੇ ਉਹਨਾਂ ਨੇ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਆਖ਼ਰੀ ਸਾਹ ਲਿਆ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਨਾਲ਼ ਕਨੇਡਾ ਅਤੇ ਪੰਜਾਬ ਦੇ ਸਾਹਿਤਕ ਹਲਕਿਆਂ ਵਿੱਚ ਡੂੰਘਾ



ਸੋਗ ਪਸਰ ਗਿਆ ਹੈ ।

# ਕੈਂਸਰ ਨਾਲ ਜੰਗ ਹਾਰਿਆ ਸਾਬਕਾ ਹਾਕੀ ਖਿਡਾਰੀ ਜੈਕਬ ਵਿੰਟਰਟਨ, 25 ਸਾਲ ਦੀ ਉਮਰ ’ਚ ਦਿਹਾਂਤ

**ਵੈਨਕੂਵਰ, 25 ਮਾਰਚ (ਮਲਕੀਤ ਸਿੰਘ)** – ਕਨੇਡਾ ਦੇ ਸਾਬਕਾ ਹਾਕੀ ਖਿਡਾਰੀ ਅਤੇ ਓਨਟਾਰਿਓ ਹਾਕੀ ਲੀਗ ਨਾਲ ਜੁੜੇ ਰਹੇ ਜੈਕਬ ਵਿੰਟਰਟਨ ਦਾ 25 ਸਾਲ ਦੀ ਉਮਰ ਵਿੱਚ ਕੈਂਸਰ ਕਾਰਨ ਦਿਹਾਂਤ ਹੋ ਗਿਆ। ਜਾਣਕਾਰੀ ਮੁਤਾਬਕ ਵਿੰਟਰਟਨ ਲੰਬੇ ਸਮੇਂ ਤੋਂ ਬੀਮਾਰੀ ਨਾਲ ਜੰਗ ਲੜ ਰਹੇ ਸਨ। ਉਨ੍ਹਾਂ ਦੇ ਦਿਹਾਂਤ ਦੀ ਖ਼ਬਰ ਨਾਲ ਖੇਡ ਜਗਤ ਅਤੇ ਭਾਈਚਾਰੇ ਵਿੱਚ ਸੋਗ ਦੀ



ਜੈਕਬ ਵਿਟਰਟਨ ਦੀ ਇੱਕ ਤਸਵੀਰ

ਲਹਿਰ ਦੌੜ ਗਈ ਹੈ। ਉਨ੍ਹਾਂ ਦੇ ਭਰਾ ਰਾਇਨ ਵਿੰਟਰਟਨ, ਜੋ ਕਿ ਐਨਐਚਐਲ ਦੀ ਸੀਐਟਲ ਟੀਮ ਨਾਲ ਜੁੜੇ ਹੋਏ ਹਨ, ਨੇ ਕਿਹਾ ਕਿ ਉਹ ਆਪਣੇ ਭਰਾ ਦੀ ਹਲਕਾ ਉਹ ਖਾਸੀਅਤ ਕਦੇ ਨਹੀਂ ਭੁੱਲਣਗੇ ਜਿਸ ਨਾਲ ਉਹ ਹਰ ਮੁਸ਼ਕਲ ਨੂੰ ਮਹਿਸੂਸ ਕਰਵਾ ਦਿੰਦਾ ਸੀ। ਹਾਕੀ ਜਗਤ ਨਾਲ ਸੰਬੰਧਿਤ ਕਈ ਲੋਕਾਂ ਅਤੇ ਟੀਮਾਂ ਵੱਲੋਂ ਜੈਕਬ ਵਿੰਟਰਟਨ ਨੂੰ ਸ਼ਰਧਾਂਜਲੀ ਦਿੱਤੀ ਜਾ ਰਹੀ ਹੈ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ ਜਾ ਰਿਹਾ ਹੈ।

# 80ਵੇਂ ਜਨਮਦਿਨ ‘ਤੇ 2500 ਕਿਲੋ ਦਾ ਕੇਕ ਬਣਵਾਇਆ

**ਵੈਨਕੂਵਰ, 26 ਮਾਰਚ (ਮਲਕੀਤ ਸਿੰਘ)** – ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਕਵੇਸਨਲ ਸ਼ਹਿਰ ਵਿੱਚ ਇੱਕ ਵਿਲੱਖਣ ਅਤੇ ਯਾਦਗਾਰ ਸਮਾਗਮ ਦੌਰਾਨ 80ਵੇਂ ਜਨਮਦਿਨ ਮੌਕੇ ਟੈਡ ਮਾਰਟਿਨਡੇਲ ਅਤੇ ਉਸਦੇ ਦੋਸਤਾਂ ਵੱਲੋਂ 2500 ਕਿਲੋਗ੍ਰਾਮ ਭਾਰ ਦਾ ਵਿਸ਼ਾਲ ਗਾਜਰ ਦਾ ਕੇਕ ਤਿਆਰ ਕੀਤਾ ਗਿਆ। ਜਾਣਕਾਰੀ ਅਨੁਸਾਰ ਟੈਡ ਮਾਰਟਿਨਡੇਲ, ਜੋ ਕਿ ਕਵੇਸਨਲ ਵਿੱਚ ਗ੍ਰੈਨਵਿਲਜ਼ ਕਾਫੀ ਦੇ ਮਾਲਕ ਹਨ, ਦੇ ਜਨਮਦਿਨ ਨੂੰ ਖਾਸ ਬਣਾਉਣ ਲਈ ਸ਼ਹਿਰ ਦੇ ਲੋਕ ਵੱਡੀ ਗਿਣਤੀ ਚ ਇਕੱਠੇ ਹੋਏ। ਅਤੇ ਇਸ ਮੌਕੇ ਤੇ ਸਾਰਿਆਂ ਨੇ ਮਿਲਜੁਲ ਕੇ ਇਸ ਅਨੋਖੇ ਕੇਕ ਨੂੰ ਤਿਆਰ ਕੀਤਾ। ਸਥਾਨਕ ਕੈਫੇ ਮਾਲਕ

ਸਮਾਜ ਵੀਕਲੀ ਨਿਊਜ਼



**ਕਵੇਸਨਲ ਵਿੱਚ ਸਵੈਸੇਵਕ ਵੱਡੇ ਆਕਾਰ ਦੇ ਗਾਜਰ ਕੇਕ ਨੂੰ ਤਿਆਰ ਕਰਦਿਆਂ ਦੀ ਇੱਕ ਤਸਵੀਰ**

ਦੇ ਮੁਤਾਬਕ ਇਹ ਵੱਡਾ ਉਪਰਾਲਾ ਸਿਰਫ਼ ਇਕ ਜਨਮਦਿਨ ਸਮਾਰੋਹ ਨਹੀਂ ਸੀ, ਬਲਕਿ ਪੂਰੇ ਸ਼ਹਿਰ ਲਈ ਖੁਸ਼ੀ ਅਤੇ ਏਕਤਾ ਦਾ ਪ੍ਰਤੀਕ ਬਣ ਗਿਆ। ਇਸ ਸਮਾਗਮ ਨੇ ਸਾਬਤ ਕੀਤਾ ਕਿ ਕਮਿਊਨਿਟੀ ਦੀ ਸਾਂਝ ਅਤੇ ਸਹਿਯੋਗ ਨਾਲ ਕਿਸੇ ਵੀ ਖਾਸ ਮੌਕੇ ਨੂੰ ਯਾਦਗਾਰ ਬਣਾਇਆ ਜਾ ਸਕਦਾ ਹੈ।

## ਨਸ਼ੇ ਦੀ ਹਾਲਤ ਚ ਕਾਬੂ ਕੀਤੇ ਡਰਾਈਵਰ ਦਾ ਨਿਵੇਕਲਾ ਬਿਆਨ 'ਅਖੇ ਸਵਾਦ ਟੈਸਟ ਕਰਨ ਲਈ ਪੀਤੀ ਸੀ ਦਾਰੂ'

**ਵੈਨਕੂਵਰ, (ਮਲਕੀਤ ਸਿੰਘ)** – ਨਾਰਥ ਵੈਨਕੂਵਰ ਵਿੱਚ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾ ਰਹੇ ਇੱਕ ਡਰਾਈਵਰ ਨੂੰ ਪੁਲਿਸ ਵੱਲੋਂ ਕਾਬੂ ਕੀਤੇ ਜਾਣ ਮਗਰੋਂ ਡਰਾਈਵਰ ਨੇ ਪੁੱਛਗਿੱਛ ਦੌਰਾਨ ਹੈਰਾਨੀਜਨਕ ਬਿਆਨ ਦਿੰਦਿਆਂ ਕਿਹਾ ਕਿ ਉਸ ਨੇ ਸਿਰਫ਼ ਸ਼ਰਾਬ ਦਾ ਸਵਾਦ ਚੈੱਕ ਕਰਨ ਲਈ ਹੀ ਨਸ਼ਾ ਕੀਤਾ ਸੀ। ਪ੍ਰਾਪਤ ਜਾਣਕਾਰੀ ਬੀਤੇ ਕੱਲ ਸਵੇਰੇ ਇਕ ਪੁਲਿਸ ਅਧਿਕਾਰੀ ਰੁਟੀਨ ਗਸ਼ਤ ਕਰ ਰਿਹਾ ਸੀ, ਜਦੋਂ ਉਸਨੇ ਇੱਕ ਵਾਹਨ ਨੂੰ ਸ਼ੱਕੀ ਢੰਗ ਨਾਲ ਚਲਦੇ ਵੇਖਿਆ। ਇਸ ਤੋਂ ਬਾਅਦ ਪੁਲਿਸ ਅਧਿਕਾਰੀ ਵੱਲੋਂ ਵਾਹਨ ਨੂੰ ਰੋਕ ਕੇ ਡਰਾਈਵਰ ਦੀ ਜਾਂਚ ਕੀਤੀ ਗਈ ਤਾਂ ਉਸ ਵੱਲੋਂ ਡਰਾਈਵਿੰਗ ਦੌਰਾਨ ਨਸ਼ਾ ਕੀਤੇ ਜਾਣ ਦੀ ਪੁਸ਼ਟੀ ਹੋਈ ਪੁਲਿਸ ਵੱਲੋਂ ਡਰਾਈਵਰ ਖ਼ਿਲਾਫ਼ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਲੋਕਾਂ ਨੂੰ ਨਸ਼ੇ ਵਿੱਚ ਵਾਹਨ ਨਾ ਚਲਾਉਣ ਦੀ ਸਖ਼ਤ ਚੇਤਾਵਨੀ ਦਿੱਤੀ ਗਈ ਹੈ।




## (ਮਜ਼ਾਕੀਆ ਜ਼ਿੰਦਾਦਿਲ ਸ਼ਸ਼ੀ ਭੂਸ਼ਣ)

ਅੱਜ ਆਖਾਂ ਸਾਧੂ ਰਾਮ ਨੂੰ, ਕਿਤੋਂ ਕਬਰਾਂ ਵਿੱਚੋਂ ਬੋਲ। ਰੋਇਆ ਤੇਰਾ ਮਾਈਬਾਪ(ਸ਼ਸ਼ੀ ਭੂਸ਼ਨ),ਅੱਜ ਇਸ਼ਕ-ਜੋੜੀ ਦਾ ਕੋਈ ਅਗਲਾ ਪੱਤਾ ਖੋਲ੍ਹ। ਉਮਰ ਦੇ ਲਿਹਾਜ ਨਾਲ ਯਾਦਾਸ਼ਤ ਕਮਜ਼ੋਰ ਹੈ ਹੋਈ। ਪੱਕਾ ਨਹੀਂ ਉਹ ਜਿਉਂਦਾ ਹੈ ਕਿ ਮੌਤ ਹੈ ਹੋਈ। ਮੇਰੇ ਅਤੇ ਉਸ ਵਿੱਚ ਇੱਕ ਸਾਂਝ ਸੀ, ਦੋਨਾਂ ਨੂੰ ਉੱਚਾ ਸੀ ਸੁਣਦਾ। ਮੇਰੀ ਉਸ ਨਾਲ ਹਮਦਰਦੀ ਹੁੰਦੀ ਸੀ ਹਮੇਸ਼ਾ ਉਮਦਾ। ਮਾਤਹਿਤ ਹੋਣ ਕਰਕੇ ਹਰ ਇੱਕ ਦਾ ਨਜ਼ਲਾ ਉਸ ਤੇ ਸੀ ਗਿਰਦਾ।ਉਹ ਵੀ ਖਿਸਿਆਨੀ ਜਿਹੀ ਹਾਸੀ ਹੱਸ ਕੇ ਇਸ ਨੂੰ ਸੀ ਜਰਦਾ।ਸ਼ਸੀ ਭੂਸ਼ਣ ਦਾ ਨਾਮ ਹੀ ਜ਼ਨਾਨੀਆਂ ਵਰਗਾ ਹੈ। ਸ਼ਸ਼ੀ ਭੂਸ਼ਣ ਜੌਲੀ-ਫੈਲੋ ਸੀ। ਕੋਈ ਨਾ ਕੋਈ ਮਜ਼ਾਕ, ਉਸਨੂੰ ਸੁਝਦਾ ਹੀ ਰਹਿੰਦਾ ਸੀ। ਸਾਡੇ ਦਫ਼ਤਰ ਵਿੱਚ, ਰਿਜ਼ਰਵ ਕੈਟੇਗਰੀ ਦੇ ਇਨਵੈਸਟੀਗੇਟਰ ਦਾ, ਨਵਾਂ ਨਵਾਂ ਵਿਆਹ ਹੋਇਆ ਸੀ। ਕੁਝ ਦੋਸਤਾਂ ਨੇ ਰਲ ਕੇ ਸਲਾਹ ਬਣਾਈ। ਸ਼ਸ਼ੀ ਭੂਸ਼ਣ ਨੂੰ ਜ਼ਨਾਨੀਆਂ ਵਾਲੇ ਕੱਪੜੇ ਪਵਾ ਕੇ, ਉਸ ਦੇ ਘਰ ਦੀ ਬੈਲ ਵਜਾ ਦਿੱਤੀ। ਉਸਨੇ ਸਮਝਿਆ, ਮੇਰੀ ਘਰ ਵਾਲੀ





ਆ ਗਈ ਹੈ। ਸਾਰੇ ਵਿਆਹ ਦੀਆਂ ਵਧਾਈਆਂ ਦੇ ਕੇ ਬੈਠ ਗਏ। ਉਸਨੇ ਲੱਡੂਆਂ ਨਾਲ ਚਾਹ ਪਾਣੀ ਦੀ ਸੇਵਾ ਕੀਤੀ। ਬਾਅਦ ਵਿੱਚ ਉਸ ਨੂੰ ਪਤਾ ਲੱਗਿਆ, ਜਦੋਂ ਸਾਰੇ ਹੱਸਣ ਲੱਗੇ ਕਿ ਇਹ ਤਾਂ ਸ਼ਸ਼ੀ ਭੂਸਣ ਜ਼ਨਾਨੀ ਦੇ ਭੇਸ ਵਿੱਚ ਆਇਆ ਹੋਇਆ ਸੀ। ਹੁਣ ਸਾਧੂ ਰਾਮ ਵੱਲ ਮੁੜਦੇ ਹਾਂ। ਇੱਕ ਵਾਰੀ ਉਸਨੇ ਸ਼ਸ਼ੀ ਭੂਸ਼ਣ ਨੂੰ ਦੱਸਿਆ ਕਿ ਮੇਰੀ ਮੱਝ ਦਾ ਬੇਟਾ (ਕੱਟਾ) ਮਰ ਗਿਆ ਹੈ, ਦੁੱਧ ਨਹੀਂ ਦਿੰਦੀ। ਸ਼ਸ਼ੀ ਭੂਸ਼ਨ ਨੇ ਸਲਾਹ ਦਿੱਤੀ ਕਿ ਇਸ ਤਰ੍ਹਾਂ ਕਰੀਂ, ਕਾਲੀ ਬੋਰੀ ਲੈ ਕੇ, ਆਪਣੇ ਉੱਤੇ ਪਹਿਨਕੇ, ਸਿਰ ਤੇ ਕਾਲਾ ਟੋਪਾ ਲੈ ਕੇ, ਕੱਟੇ ਦਾ ਰੋਲ ਕਰਕੇ ਦੇਖ, ਮੱਝ ਦੇ ਕੋਲ ਨਾ ਜਾਈਂ, ਘਰਵਾਲੀ ਨੂੰ ਧਾਰ ਕੱਢਣ ਲਾ ਦੇਵੀ, ਮੱਝ ਨੇ ਦੁੱਧ ਦੇਣਾ ਸ਼ੁਰੂ ਕਰ ਦਿੱਤਾ। ਕੁੱਝ ਦਿਨ ਇਹ ਸਿਲਸਿਲਾ ਜਾਰੀ ਰਿਹਾ। ਫਿਰ ਸਾਧੂ ਰਾਮ ਖ਼ੁਦ ਧਾਰ ਕੱਢਣ ਲੱਗਿਆ, ਮੱਝ ਨੇ ਲੱਤ ਮਾਰ ਕੇ ਸਣੇ ਬਾਲਟੀ ਦੂਰ ਵਗਾਹ ਮਾਰਿਆ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਚੀਨ ਅਤੇ ਰੂਸ ਇਰਾਨ ਦਾ ਸਾਥ ਕਿਉਂ ਦਿੰਦੇ ਹਨ, ਅਤੇ ਇਹ ਅਮਰੀਕਾ ਲਈ ਵੱਡੀ ਚੁਣੌਤੀ ਕਿਉਂ ਹੈ

ਜਦੋਂ ਇਰਾਨ ਇਸਰਾਈਲ ਅਤੇ ਅਮਰੀਕਾ ਨਾਲ ਟਕਰਾਉਂਦਾ ਹੈ, ਉਹ ਪੂਰੀ ਤਰ੍ਹਾਂ ਇਕੱਲਾ ਨਹੀਂ ਹੁੰਦਾ। ਉਸ ਦੇ ਪਿੱਛੇ ਚੀਨ ਅਤੇ ਰੂਸ ਦਾ ਐਸਾ ਸਹਾਰਾ ਖੜ੍ਹਾ ਹੁੰਦਾ ਹੈ, ਜੋ ਸ਼ੋਰ ਘੱਟ ਕਰਦਾ ਹੈ ਪਰ ਅਸਰ ਡੂੰਘਾ ਛੱਡਦਾ ਹੈ।

ਇਹ ਸਹਾਇਤਾ ਧਾਰਮਿਕ ਨੇੜਤਾ ਜਾਂ ਵਿਚਾਰਧਾਰਕ ਪਿਆਰ ਕਰਕੇ ਨਹੀਂ ਆਉਂਦੀ। ਇਸ ਦਾ ਅਸਲ ਕਾਰਨ ਤਾਕਤ ਦੀ ਰਾਜਨੀਤੀ ਦਾ ਹੈ।

ਮਾਰਚ 2026 ਦੇ ਸੰਦਰਭ ਵਿੱਚ ਤਸਵੀਰ ਹੋਰ ਸਾਫ਼ ਹੋ ਚੁੱਕੀ ਹੈ। 29 ਜਨਵਰੀ 2026 ਦਾ ਤ੍ਰਿਪੱਖੀ ਰਣਨੀਤਿਕ ਸਮਝੌਤਾ, ਯੂਕਰੇਨ ਜੰਗ ਤੋਂ ਬਾਅਦ ਰੂਸ ਦੀ ਲੋੜ, ਅਤੇ ਚੀਨ ਦੀ ਊਰਜਾ ਸੁਰੱਖਿਆ, ਸਭ ਇਕੋ ਪਾਸੇ ਇਸ਼ਾਰਾ ਕਰਦੇ ਹਨ।

ਮਾਸਕੋ ਅਤੇ ਬੀਜਿੰਗ ਇਰਾਨ ਨੂੰ ਇੰਨਾ ਸਹਾਰਾ ਦਿੰਦੇ ਹਨ ਕਿ ਉਹ ਟਿਕਿਆ ਰਹੇ, ਪਰ ਇੰਨਾ ਨਹੀਂ ਕਿ ਉਹਨਾਂ ਨੂੰ ਖੁੱਲ੍ਹੀ ਜੰਗ ਵਿੱਚ ਘਸੀਟ ਲਵੇ।

ਰੂਸ ਅਤੇ ਚੀਨ ਦੋਵੇਂ ਅਜਿਹੇ ਵਿਸ਼ਵ ਕ੍ਰਮ ਦੇ ਹਮਾਇਤੀ ਹਨ ਜਿੱਥੇ ਵਾਸ਼ਿੰਗਟਨ ਇਕੱਲਾ ਫੈਸਲਾ ਨਾ ਕਰੇ। ਉਹ ਚਾਹੁੰਦੇ ਹਨ ਕਿ ਤਾਕਤ ਕਈ ਕੇਂਦਰਾਂ ਵਿੱਚ ਵੰਡੇ।

ਇਸੇ ਲਈ ਇਰਾਨ ਉਹਨਾਂ ਲਈ ਉਪਯੋਗੀ ਸਾਥੀ ਬਣਦਾ ਹੈ, ਕਿਉਂਕਿ ਤੇਹਰਾਨ ਖੁੱਲ੍ਹੇ ਤੌਰ ਤੇ ਅਮਰੀਕੀ ਪਾਬੰਦੀਆਂ, ਫੌਜੀ ਦਬਾਅ ਅਤੇ ਖੇਤਰੀ ਗਠਜੋੜਾਂ ਨੂੰ ਚੁਣੌਤੀ ਦਿੰਦਾ ਹੈ।

ਅਸਲ'ਚ ਦੇਖਿਆਂ ਜਾਵੇ ਤਾਂ ਇਹ ਸਿਰਫ਼ ਮੱਧ ਪੂਰਬ ਦਾ ਯੁੱਧ ਨਹੀਂ ਹੈ, ਇਹ ਇੱਕ ਵੱਡੀ ਤਾਕਤੀ ਹੋੜ ਦਾ ਹਿੱਸਾ ਹੈ। ਜੇ ਇਰਾਨ ਦਬਾਅ ਹੇਠ ਵੀ ਖੜ੍ਹਾ ਰਹਿੰਦਾ ਹੈ, ਤਾਂ ਚੀਨ ਅਤੇ ਰੂਸ ਇਹ ਸੁਨੇਹਾ ਦਿੰਦੇ ਹਨ ਕਿ ਅਮਰੀਕਾ ਹੁਣ ਹਰ ਜਗ੍ਹਾ ਆਪਣੀ ਮਰਜ਼ੀ ਨਹੀਂ ਚਲਾ ਸਕਦਾ। ਇਸ ਕਰਕੇ ਇਰਾਨ ਉਹਨਾਂ ਲਈ ਇਕ ਦੇਸ਼ ਤੋਂ ਵੱਧ, ਇਕ ਰਣਨੀਤਿਕ ਔਜ਼ਾਰ ਬਣ ਕੇ ਪਿੱਛੇ ਖੜ੍ਹਦਾ ਹੈ।

ਯੂਕਰੇਨ ਜੰਗ ਤੋਂ ਬਾਅਦ ਰੂਸ ਉੱਤੇ ਪੱਛਮੀ ਪਾਬੰਦੀਆਂ ਸਖ਼ਤ ਹੋਣ ਕਾਰਨ ਇਸ ਹਾਲਤ ਵਿੱਚ ਮਾਸਕੋ ਨੂੰ ਉਹਨਾਂ ਸਾਥੀਆਂ ਦੀ ਲੋੜ ਪਈ ਜੋ ਇਕਾਂਤ ਤੋਂ ਨਾ ਡਰਨ। ਇਰਾਨ ਇਸ ਮਾਪਦੰਡ ਤੇ ਫਿੱਟ ਬੈਠਦਾ ਹੈ। ਉਹ ਸਾਲਾਂ ਤੋਂ ਪਾਬੰਦੀਆਂ ਹੇਠ ਜੀਣਾ ਸਿੱਖ ਚੁੱਕਾ ਹੈ।

ਇਸ ਨਾਲ ਰੂਸ ਆਪਣੀ ਇਹ ਕਹਾਣੀ ਮਜ਼ਬੂਤ ਕਰਦਾ ਹੈ ਕਿ ਦੁਨੀਆ ਹੁਣ ਬਹੁਧ੍ਰੁਵੀ ਬਣ ਰਹੀ ਹੈ। ਦੂਜੇ ਪਾਸੇ, ਇਰਾਨ ਤੋਂ ਰੂਸ ਨੂੰ ਡਰੋਨ ਅਤੇ ਮਿਜ਼ਾਈਲ ਸਹਿਯੋਗ ਮਿਲਿਆ, ਜੋ ਯੂਕਰੇਨ ਜੰਗ ਵਿੱਚ ਵਰਤਿਆ ਗਿਆ। ਬਦਲੇ ਵਿੱਚ ਮਾਰਚ 2026 ਤੱਕ ਦੀਆਂ ਰਿਪੋਰਟਾਂ ਰੂਸੀ ਖੁਫੀਆ ਸਾਂਝ, ਸੈਟਲਾਈਟ ਜਾਣਕਾਰੀ, ਅਤੇ ਸੁ-35 ਤੇ ਸ-400 ਵਰਗੀ ਮਦਦ ਨਾਲ ਜੁੜੀਆਂ ਰਹੀਆਂ ਹਨ। ਇਸ ਤਰ੍ਹਾਂ ਦੋਵੇਂ ਇਕ-ਦੂਜੇ ਦੀ ਕਮਜ਼ੋਰੀ ਢੱਕਦੇ ਆ ਰਹੇ ਹਨ।

ਚੀਨ ਦੀ ਗਿਣਤੀ ਹੋਰ ਵੱਧ ਆਰਥਿਕ ਹੈ, ਪਰ ਸਿਰਫ਼ ਆਰਥਿਕ ਨਹੀਂ। ਇਰਾਨ ਵੱਡੇ ਤੇਲ ਭੰਡਾਰ ਰੱਖਦਾ ਹੈ, ਅਤੇ ਪਾਬੰਦੀਆਂ ਕਰਕੇ ਉਹ ਤੇਲ ਅਕਸਰ ਸਸਤੇ ਦਰਾਂ ਤੇ ਮਿਲਦਾ ਹੈ। ਇਹ ਚੀਨ ਲਈ ਫਾਇਦੇ ਦਾ ਸੌਦਾ ਹੈ। ਨਾਲ ਹੀ, ਇਰਾਨ ਦੀ ਭੂਗੋਲਕ ਥਾਂ ਬੈਲਟ ਐਂਡ ਰੋਡ ਨਾਲ ਜੁੜੇ ਰਸਤੇ, ਬੰਦਰਗਾਹਾਂ ਅਤੇ ਜ਼ਮੀਨੀ ਸੰਪਰਕ ਲਈ ਅਹਿਮ ਹੈ। ਬੀਜਿੰਗ ਖੁੱਲ੍ਹੀ ਜੰਗ ਨਹੀਂ ਚਾਹੁੰਦਾ। ਫਿਰ ਵੀ, ਇਰਾਨ ਨੂੰ ਸਹਾਰਾ ਦੇ ਕੇ ਉਹ ਖਾੜੀ ਵਿੱਚ ਅਮਰੀਕੀ ਸਾਥੀਆਂ ਉੱਤੇ ਦਬਾਅ ਬਣਾਈ ਰੱਖਦਾ ਹੈ। ਸਧਾਰਨ ਬੋਲੀ ਵਿੱਚ ਕਿਹਾ ਜਾਵੇ ਤਾਂ ਚੀਨ ਚਾਹੁੰਦਾ ਹੈ ਕਿ ਇਰਾਨ ਡਿੱਗੇ ਨਾ, ਪਰ ਅੱਗ ਵੀ ਇੰਨੀ ਨਾ ਭੜਕੇ ਕਿ ਤੇਲ ਦੇ ਰਸਤੇ ਤੇ ਭੰਡਾਰ ਸੜ ਜਾਣ।

ਇਹ ਮਦਦ ਖੁੱਲ੍ਹਾ ਫੌਜੀ ਗਠਜੋੜ ਨਹੀਂ ਹੈ। ਜਨਵਰੀ 2026 ਦਾ ਤ੍ਰਿਪੱਖੀ ਸਮਝੌਤਾ ਵੀ ਨਾਟੋ-ਸਟਾਈਲ ਸਾਂਝੀ ਰੱਖਿਆ ਦਾ ਵਾਅਦਾ ਨਹੀਂ ਕਰਦਾ। ਉਸ ਦਾ ਢਾਂਚਾ ਆਰਥਿਕ, ਕੂਟਨੀਤਿਕ ਅਤੇ ਸੁਰੱਖਿਆ ਸਹਿਕਾਰ ਤੇ ਅਧਾਰਿਤ ਹੈ। ਮਕਸਦ ਸਾਫ਼ ਹੈ, ਇਰਾਨ ਨੂੰ ਤਨਹਾ ਨਾ ਛੱਡਿਆ ਜਾਵੇ, ਪਰ ਸਿੱਧੀ ਜੰਗ ਤੋਂ ਬਚਿਆ ਜਾਵੇ।

ਇਸੇ ਲਈ ਸਹਾਇਤਾ ਨਪੀ-ਤੁਲੀ ਰਹਿੰਦੀ ਹੈ। ਜਿੱਥੇ ਲੋੜ ਹੋਵੇ, ਉੱਥੇ ਪੈਸਾ, ਤਕਨਾਲੋਜੀ, ਖੁਫੀਆ ਜਾਣਕਾਰੀ ਜਾਂ ਰਾਜਨੀਤਿਕ ਛਤਰੀ ਦਿੱਤੀ ਜਾਂਦੀ ਹੈ। ਪਰ ਮਾਸਕੋ ਅਤੇ ਬੀਜਿੰਗ ਆਪਣੇ ਲਈ ਪਿੱਛੇ ਹਟਣ ਦਾ ਰਸਤਾ ਵੀ ਖੁੱਲ੍ਹਾ ਰੱਖਦੇ ਹਨ।

ਰੂਸ ਦੀ ਮਦਦ ਦਾ ਸਭ ਤੋਂ ਅਹਿਮ ਹਿੱਸਾ ਸਿੱਧਾ ਜੰਗ ਦੇ ਮੈਦਾਨ ਵਿੱਚ ਨਹੀਂ, ਸਗੋਂ ਉਸ ਦੇ ਪਿੱਛੇ ਚਲਦਾ ਹੈ। ਰਿਪੋਰਟਾਂ ਮੁਤਾਬਕ ਰੂਸ ਸੈਟਲਾਈਟ ਡਾਟਾ, ਨਿਸ਼ਾਨਿਆਂ ਬਾਰੇ ਜਾਣਕਾਰੀ, ਹਵਾਈ ਰੱਖਿਆ ਪ੍ਰਣਾਲੀਆਂ ਅਤੇ ਹਥਿਆਰ ਰੀਸਪਲਾਈ ਨਾਲ ਇਰਾਨ ਦੀ ਸਮਰੱਥਾ ਵਧਾਉਂਦਾ ਹੈ। ਪਹਿਲਾਂ ਤੋਂ ਚੱਲ ਰਹੇ ਸਾਂਝੇ ਅਭਿਆਸ ਅਤੇ ਫੌਜੀ ਸਹਿਕਾਰ ਇਸ ਕੰਮ ਨੂੰ ਆਸਾਨ ਬਣਾਉਂਦੇ ਹਨ।

ਪਰ ਮਾਸਕੋ ਆਪਣੀ ਹੱਦ ਵੀ ਜਾਣਦਾ ਹੈ। ਉਹ ਸਿੱਧੇ ਮੈਦਾਨ ਵਿੱਚ ਨਹੀਂ ਉਤਰਦਾ, ਕਿਉਂਕਿ ਯੂਕਰੇਨ ਵਿੱਚ ਉਸ ਦੀ ਆਪਣੀ ਲੜਾਈ ਚੱਲ ਰਹੀ ਹੈ। ਫਿਰ ਵੀ, ਇਹ ਮਦਦ ਇਰਾਨ ਦੀ ਰੋਕ-ਥਾਮ ਅਤੇ ਜਵਾਬੀ ਸਮਰੱਥਾ ਦੋਵੇਂ ਵਧਾਉਂਦੀ ਹੈ।

ਚੀਨ ਇਰਾਨ ਲਈ ਨਕਦੀ ਆਕਸੀਜਨ ਵਰਗਾ ਕੰਮ ਕਰਦਾ ਹੈ। ਉਹ ਇਰਾਨੀ ਤੇਲ ਦਾ ਵੱਡਾ ਖਰੀਦਦਾਰ ਹੈ, ਅਤੇ ਇਹ ਖਰੀਦ ਪਾਬੰਦੀਆਂ ਦੇ ਬਾਵਜੂਦ ਚੱਲਦੀ ਰਹਿੰਦੀ ਹੈ। ਡਿਸਕਾਊਂਟ ਵਾਲੇ ਸੌਦੇ, ਡਾਲਰ ਤੋਂ ਬਾਹਰ ਲੈਣ-ਦੇਣ, ਅਤੇ ਲੰਬੇ ਸਮੇਂ ਦੇ ਨਿਵੇਸ਼ ਇਰਾਨ ਦੀ ਅਰਥਵਿਵਸਥਾ ਨੂੰ ਪੂਰੀ ਤਰ੍ਹਾਂ ਡਿੱਗਣ ਤੋਂ ਬਚਾਉਂਦੇ ਹਨ।

ਇਸ ਤੋਂ ਇਲਾਵਾ, ਰਡਾਰ, ਨੈਵੀਗੇਸ਼ਨ ਹਿੱਸੇ, ਡੂਅਲ-ਯੂਜ਼ ਤਕਨਾਲੋਜੀ ਅਤੇ ਲੌਜਿਸਟਿਕ ਸਹਾਇਤਾ ਵੀ ਮਹੱਤਵ ਰੱਖਦੀ ਹੈ। ਇਹ ਸਭ ਕੁਝ ਟੈਂਕ ਭੇਜਣ ਜਿੰਨਾ ਦਿਖਾਈ ਨਹੀਂ ਦਿੰਦਾ, ਪਰ ਅਸਰ ਕਈ ਵਾਰੀ ਉਨਾ ਹੀ ਵੱਡਾ ਹੁੰਦਾ ਹੈ।

ਜਿਥੇ ਕਿ ਹਥਿਆਰ ਇੱਕ ਪੱਖ ਹਨ, ਪਰ ਰਾਜਨੀਤਿਕ ਢਾਲ ਵੀ ਉਨੀ ਹੀ ਮਹੱਤਵਪੂਰਨ ਹੈ। ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿੱਚ ਚੀਨ ਅਤੇ ਰੂਸ ਦਾ ਰਵੱਈਆ ਅਕਸਰ ਪੱਛਮੀ ਦਬਾਅ ਨੂੰ ਹੌਲਾ ਕਰਦਾ ਹੈ। ਕਦੇ ਵਿਰੋਧ, ਕਦੇ ਰੋਕ, ਤੇ ਕਦੇ ਸਖ਼ਤ ਕਾਰਵਾਈਆਂ ਦੇ ਖ਼ਿਲਾਫ਼ ਮਿਲਦੀ ਹਮਾਇਤ, ਇਰਾਨ ਨੂੰ ਪੂਰਾ ਇਕੱਲਾ ਨਹੀਂ ਪੈਣ ਦਿੰਦੀ।

ਇਸੇ ਲੜੀ ਵਿੱਚ BRICS ਅਤੇ Shangiha Cooperiaton Orgianziaton ਵੀ ਕੰਮ ਆਉਂਦੇ ਹਨ। ਇਰਾਨ ਲਈ ਇਹ ਮੰਚ ਸਿਰਫ਼ ਸਨਮਾਨ ਦਾ ਮਸਲਾ ਨਹੀਂ, ਸਗੋਂ ਵਪਾਰ, ਭੁਗਤਾਨ ਅਤੇ ਰਾਜਨੀਤਿਕ ਜਾਇਜ਼ਤਾ ਦਾ ਰਸਤਾ ਹਨ। ਜਨਵਰੀ 2026 ਦਾ ਤ੍ਰਿਪੱਖੀ ਢਾਂਚਾ ਇਸ ਛਤਰੀ ਨੂੰ ਹੋਰ ਸਪਸ਼ਟ ਕਰਦਾ ਹੈ।

ਚੀਨ ਅਤੇ ਰੂਸ ਇਰਾਨ ਨੂੰ ਬਚਾਉਂਦੇ ਹਨ, ਪਰ ਉਸ ਲਈ ਮਰਨ ਨਹੀਂ ਜਾਂਦੇ। ਇਹ ਫਰਕ ਸਮਝਣਾ ਲਾਜ਼ਮੀ ਹੈ। ਉਹਨਾਂ ਦਾ ਲਕਸ਼ ਇਰਾਨ ਨੂੰ ਤਾਕਤ ਦੇਣਾ ਨਹੀਂ, ਸਗੋਂ ਉਸ ਨੂੰ ਇੰਨਾ ਸੰਭਾਲੇ ਰੱਖਣਾ ਹੈ ਕਿ ਅਮਰੀਕਾ ਲਈ ਉਹ ਲਗਾਤਾਰ ਚੁਣੌਤੀ ਬਣਿਆ ਰਹੇ।

ਇਸ ਸੰਤੁਲਨ ਵਿੱਚ ਖਤਰੇ ਵੀ ਹਨ। ਜੇ ਬੀਜਿੰਗ ਤੇਹਰਾਨ ਦੇ ਬਹੁਤ ਨੇੜੇ ਦਿਖੇ, ਤਾਂ ਖਾੜੀ ਦੇ ਰਾਜ ਹੋਰ ਵੱਧ ਵਾਸ਼ਿੰਗਟਨ ਵੱਲ ਖਿਸਕ ਸਕਦੇ ਹਨ। ਉਧਰ ਰੂਸ ਪਹਿਲਾਂ ਹੀ ਯੂਕਰੇਨ ਵਿੱਚ ਫਸਿਆ ਹੈ, ਇਸ ਲਈ ਵਧੇਰੇ ਫੈਲਾਅ ਉਸ ਲਈ ਮਹਿੰਗਾ ਪੈ ਸਕਦਾ ਹੈ।

ਬੀਜਿੰਗ ਅਤੇ ਮਾਸਕੋ ਇਰਾਨ ਨੂੰ ਸਹਾਰਾ ਤਾਂ ਦਿੰਦੇ ਹਨ, ਪਰ ਖੁੱਲ੍ਹੀ ਜੰਗ ਨਹੀਂ ਚਾਹੁੰਦੇ

ਇਹ ਦੋਵੇਂ ਦੇਸ਼ ਜਾਣਦੇ ਹਨ ਕਿ ਖੁੱਲ੍ਹੀ ਜੰਗ ਨਾਲ ਤੇਲ ਦੇ ਰਸਤੇ ਹਿੱਲ ਸਕਦੇ ਹਨ, ਕੀਮਤਾਂ ਚੜ੍ਹ ਸਕਦੀਆਂ ਹਨ, ਅਤੇ ਉਹਨਾਂ ਦੀ ਆਪਣੀ ਅਰਥਵਿਵਸਥਾ ਨੂੰ ਝਟਕਾ ਲੱਗ ਸਕਦਾ ਹੈ। ਚੀਨ ਨੂੰ ਖਾੜੀ ਦੀ ਜਹਾਜ਼ਰਾਨੀ ਸਥਿਰ ਚਾਹੀਦੀ ਹੈ। ਰੂਸ ਕੋਲ ਵੀ ਇਕੱਠੇ ਕਈ ਮੋਰਚੇ ਖੋਲ੍ਹਣ ਦੀ ਸਮਰੱਥਾ ਨਹੀਂ।

ਇਸ ਕਰਕੇ ਉਹਨਾਂ ਦੀ ਮਦਦ ਸਾਵਧਾਨ ਰਹਿੰਦੀ ਹੈ। ਇਹ ਸਹਾਰਾ ਇਰਾਨ ਨੂੰ ਤੈਰਦਾ ਰੱਖਦਾ ਹੈ, ਪਰ ਉਸ ਨੂੰ ਐਸੀ ਛਾਲ ਮਾਰਨ ਦਾ ਮੌਕਾ ਨਹੀਂ ਦਿੰਦਾ ਜੋ ਸਭ ਨੂੰ ਸਿੱਧੀ ਟੱਕਰ ਵਿੱਚ ਲਿਆਵੇ।

ਜਦ ਕਿ ਵਾਸ਼ਿੰਗਟਨ ਜੇ ਸਿਰਫ਼ ਇਰਾਨ ਨੂੰ ਹੀ ਨਿਸ਼ਾਨਾ ਬਣਾਵੇ, ਤਾਂ ਵੱਡੀ ਤਸਵੀਰ ਹੱਥੋਂ ਨਿਕਲ ਸਕਦੀ ਹੈ। ਚੀਨ ਦੀ ਆਰਥਿਕ ਲਾਈਫਲਾਈਨ ਅਤੇ ਰੂਸ ਦੀ ਫੌਜੀ ਭਾਗੀਦਾਰੀ ਮਿਲ ਕੇ ਇਰਾਨੀ ਅਣਗਹਿਲੀਆਂ ਨੂੰ ਟਿਕਾਊ ਬਣਾਉਂਦੀਆਂ ਹਨ। ਅਸਲ ਚੁਣੌਤੀ ਇਹੀ ਬਣਤਰ ਹੈ।

ਇਸ ਲਈ ਅਮਰੀਕਾ ਲਈ ਸਿਰਫ਼ ਰੋਕ-ਥਾਮ ਕਾਫ਼ੀ ਨਹੀਂ ਹੋਵੇਗੀ। ਉਸ ਨੂੰ ਉਹ ਜਾਲ ਵੀ ਕਮਜ਼ੋਰ ਕਰਨੇ ਪੈਣਗੇ ਜੋ ਇਰਾਨ ਨੂੰ ਪੈਸਾ, ਤਕਨਾਲੋਜੀ, ਰਾਜਨੀਤਿਕ ਢਾਲ ਅਤੇ ਫੌਜੀ ਸਹਾਰਾ ਦਿੰਦੇ ਹਨ। ਨਹੀਂ ਤਾਂ ਉਹ ਲੱਛਣਾਂ ਨਾਲ ਲੜੇਗਾ, ਬਿਮਾਰੀ ਨਾਲ ਨਹੀਂ। ਅੰਤ ਵਿੱਚ ਗੱਲ ਬਿਲਕੁਲ ਸਾਫ਼ ਹੈ। ਚੀਨ ਅਤੇ ਰੂਸ ਇਰਾਨ ਦਾ ਸਾਥ ਇਸ ਲਈ ਦਿੰਦੇ ਹਨ ਕਿ ਇਸ ਨਾਲ ਉਹ ਅਮਰੀਕੀ ਤਾਕਤ ਨੂੰ ਚੁਣੌਤੀ ਦੇ ਸਕਣ, ਆਪਣੇ ਹਿਤ ਬਚਾ ਸਕਣ, ਅਤੇ ਬਹੁ-ਕੇਂਦਰੀ ਵਿਸ਼ਵ ਕ੍ਰਮ ਨੂੰ ਧੱਕਾ ਦੇ ਸਕਣ। ਉਹਨਾਂ ਦੀ ਮਦਦ ਸੋਚੀ-ਸਮਝੀ, ਸੀਮਿਤ, ਪਰ ਪ੍ਰਭਾਵਸ਼ਾਲੀ ਰਹਿੰਦੀ ਹੈ। ਇਸੇ ਕਰਕੇ ਮੱਧ ਪੂਰਬ ਦੀ ਅੱਜ ਦੀ ਟੱਕਰ ਸਿਰਫ਼ ਖੇਤਰੀ ਸੰਘਰਸ਼ ਨਹੀਂ ਰਹੀ, ਇਹ ਕੱਲ੍ਹ ਦੇ ਵਿਸ਼ਵ ਕ੍ਰਮ ਦੀ ਕਸੌਟੀ ਬਣ ਚੁੱਕੀ ਹੈ। ਜੋ ਕਿਸ ਤਰ੍ਹਾ ਦੀ ਕਰਵਟ ਲਏਗੀ ਇਹ ਤਾਂ ਸਮਾਂ ਹੀ ਦੱਸ ਸਕਦਾ ਹੈ ਜਾਂ ਹਾਉਮੈਂ ਦਾ ਭਰਿਆ ਅਮਰੀਕੀ ਲੰਬੜਦਾਰ।



**ਸੁਰਜੀਤ ਸਿੰਘ ਫਲੋਰਾ**

# ਓਏ ਛੱਡ ਦੇ ਮੁੱਛਾਂ (ਸੰਸਮਰਣ)

ਗੱਲ 1964 ਦੀ ਉਸ ਸਮੇਂ ਦੀ ਹੈ ਜਦੋਂ ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਐਮਏ ਅਰਥ ਸ਼ਾਸਤਰ ਕਰ ਰਿਹਾ ਸੀ। ਐਮਏ ਪਾਰਟ ਇਕ ਦੀਆਂ ਕਲਾਸਾਂ ਮਹਿੰਦਰਾ ਕਾਲਜ ਵਿੱਚ ਲੱਗਦੀਆਂ ਸਨ ਕਿਉਂਕਿ ਉਹਨਾਂ ਦਿਨਾਂ ਵਿੱਚ ਪੰਜਾਬੀ ਯੂਨੀਵਰਸਿਟੀ ਦੀ ਬਿਲਡਿੰਗ ਜਿਹੜੀ ਰਾਜਪੁਰਾ ਰੋਡ ਤੇ ਹੈ ਬਣ ਰਹੀ ਸੀ। ਮੈਂ ਇਹ ਸਪਸ਼ਟ ਕਰਦਿਆਂ ਅਰਥ ਸ਼ਾਸਤਰ ਵਿੱਚ ਚਾਰ ਪੇਪਰ ਸਨ ਅਤੇ ਹਰ ਪੇਪਰ ਨੂੰ ਇੱਕ ਪ੍ਰੋਫ਼ੈਸ਼ਰ ਸਾਹਿਬ ਜਾਂ ਦੋ ਪ੍ਰੋਫ਼ੈਸਰ ਸਾਹਿਬ ਮਿਲ ਕੇ ਵਿਦਿਆਰਥੀਆਂ ਨੂੰ ਪੜਾਉਂਦੇ ਸਨ। ਸਾਨੂੰ ਅਰਥ ਸ਼ਾਸਤਰ ਦਾ ਇਕ ਪੇਪਰ ਡਾਕਟਰ ਐਚ ਕੇ ਮਨਮੋਹਨ ਸਿੰਘ ਪੜਾਇਆ ਕਰਦੇ ਸਨ ਜਿਹੜੇ ਕਿ ਹੈਡ ਆਫ ਦੀ ਡਿਪਾਰਟਮੈਂਟ ਸਨ ਅਤੇ ਬਾਅਦ ਵਿੱਚ ਪੰਜਾਬੀ ਯੂ ਨੀ ਵ ਰ ਸਿ ਟੀ ਪਟਿਆਲਾ ਦੇ ਵਾਈਸ ਚਾਂਸਲਰ ਵੀ ਬਣੇ। ਇੱਕ ਗੱਲ ਮੈਂ ਸਪਸ਼ਟ ਕਰਦਿਆਂ ਉਹਨਾਂ ਦਿਨਾਂ ਵਿੱਚ ਮੈਂ ਵੱਡੀਆਂ ਵੱਡੀਆਂ ਮੁੱਛਾਂ ਰੱਖਿਆ ਕਰਦਾ ਸੀ। ਇਕ ਦਿਨ ਕਲਾਸ ਵਿੱਚ ਡਾਕਟਰ ਐਚ ਕੇ ਮਨਮੋਹਨ ਸਿੰਘ ਜੀ ਪੜਾ ਰਹੇ ਸਨ। ਮੈਂ ਕਲਾਸ ਦੇ ਅਧ ਵਿਚਕਾਰ ਬੈਠਾ ਸੀ ਅਤੇ ਜੋ ਉਹ ਪੜਾ ਰਹੇ ਸਨ ਉਸ ਨੂੰ ਇੱਕ ਹੱਥ ਨਾਲ ਕੁਰਸੀ ਤੇ ਬਣੀ ਥਾਂ ਤੇ ਕਾਪੀ ਵਿੱਚ ਨੋਟ ਕਰ ਰਿਹਾ ਸੀ ਅਤੇ ਮੇਰਾ ਦੂਜਾ ਹੱਥ ਮੁੱਛਾਂ ਨੂੰ ਉੱਪਰ ਕਰਨ ਵਿੱਚ ਲੱਗਿਆ ਹੋਇਆ ਸੀ ਜਿਹੜੀਆਂ ਕਿ ਵਾਰ ਵਾਰ ਥੱਲੇ ਹੋ ਜਾਂਦੀਆਂ ਸਨ। ਡਾਕਟਰ ਸਾਹਿਬ ਪੜਾਉਂਦੇ ਹੋਏ ਸਾਰੇ ਵਿਦਿਆਰਥੀਆਂ ਤੇ ਇਸ ਗੱਲ ਦੀ ਨਜ਼ਰ ਰੱਖਦੇ ਸਨ ਕਿ ਸਾਰੇ ਵਿਦਿਆਰਥੀ ਉਹਨਾਂ ਦੀ ਗੱਲ ਸੁਣ ਰਹੇ ਹਨ ਅਤੇ ਲਿਖ ਵੀ ਰਹੇ ਹਨ ਜਾਂ ਨਹੀਂ। ਜਦੋਂ ਡਾਕਟਰ ਸਾਹਿਬ ਨੇ ਮੈਨੂੰ ਵਾਰ ਵਾਰ ਖੱਬੇ ਹੱਥ ਨਾਲ ਮੁੱਛਾਂ ਨੂੰ ਉੱਤੇ ਕਰਦੇ ਹੋਏ ਦੇਖਿਆ ਤਾਂ ਉਹ ਇਹ ਸ਼ਬਦ ਦੇਖ ਕੇ ਖਿਜ ਗਏ ਅਤੇ ਜੋਰ ਨਾਲ ਉਹਨਾਂ ਕਿਹਾ,,,,, ਸ਼ਾਮ ਲਾਲ, ਛੱਡ ਦੇ ਮੁੱਛਾਂ, ਇਹ ਕਿਸੇ ਪਾਸੇ ਭੱਜਿਆ ਨਹੀਂ ਜਾਂਦੀਆਂ। ਇਹ ਸੁਣ ਕੇ ਸਾਰੇ ਵਿਦਿਆਰਥੀ ਮੇਰੇ ਵੱਲ ਦੇਖ ਕੇ ਹੱਸਣ ਲੱਗੇ। ਮਾਹੌਲ ਵਿੱਚ ਇਕਦਮ ਤਬਦੀਲੀ ਆ ਗਈ। ਮੈਨੂੰ ਆਪਣੀ ਹਰਕਤ ਤੇ ਸ਼ਰਮ ਤਾਂ ਆਈ ਲੇਕਿਨ ਉਸ ਵੇਲੇ ਮੈਂ ਕੀ ਕਰ ਸਕਦਾ ਸੀ, ਮੁੱਛਾਂ ਉੱਪਰ ਕਰਨ ਦੀ ਆਦਤ ਨੇ ਮੈਨੂੰ ਮਜ਼ਾਕ ਦਾ ਪਾਤਰ ਬਣਾ ਦਿੱਤਾ ਸੀ। ਇਸ ਗੱਲ ਨੂੰ ਬੇਸ਼ੱਕ ਲਗਭਗ 62 ਸਾਲ ਹੋ ਚੁੱਕੇ ਹਨ, ਨਾ ਤਾਂ ਅੱਜ ਤੱਕ ਮੈਂ ਡਾਕਟਰ ਐਚ ਕੇ ਮਨਮੋਹਨ ਸਿੰਘ ਸਾਹਿਬ ਨੂੰ ਭੁੱਲਿਆ ਹਾਂ ਅਤੇ ਨਾ ਹੀ ਕਲਾਸ ਵਿੱਚ ਵਾਪਰੇ ਉਸ ਹਾਦਸੇ ਨੂੰ ਭੁੱਲਿਆ ਹਾਂ। ਉਹ ਗੱਲ ਵੱਖਰੀ ਹੈ ਕਿ ਜਦੋਂ ਮੈਂ ਬਾਅਦ ਵਿੱਚ ਪ੍ਰੋਫ਼ੈਸਰ ਬਣਿਆ ਤਾਂ ਮੈਂ ਉਹ ਮੁੱਛਾਂ ਬਿਲਕੁਲ ਸਾਫ ਕਰਾ ਦਿੱਤੀਆਂ।



**ਪ੍ਰੋਫ਼ੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16359045**
**ਰੋਹਤਕ ਹਰਿਆਣਾ**

# ਵਿਸ਼ਵ ਰੰਗ ਮੰਚ ਦਿਵਸ

ਵਿਸ਼ਵ ਰੰਗ ਮੰਚ ਦਿਵਸ ਹਰ ਸਾਲ 27 ਮਾਰਚ ਨੂੰ ਵਿਸ਼ਵ ਪੱਧਰ ਤੇ ਮਨਾਇਆ ਜਾਂਦਾ ਹੈ । ਅੰਤਰਰਾਸ਼ਟਰੀ ਪੱਧਰ ਤੇ ਰੰਗ ਮੰਚ ਨੂੰ ਅਲੱਗ ਪਹਿਛਾਣ ਦਿਵਾਉਣ ਦੇ ਲਈ ਸਾਲ 1961 ਵਿੱਚ ਅੰਤਰਰਾਸ਼ਟਰੀ ਰੰਗ ਮੰਚ ਥਿਏਟਰ ਦੀ ਨੀਂਹ ਰੱਖੀ ਗਈ। ਪਹਿਲੀ ਵਾਰ ਵਿਸ਼ਵ ਰੰਗ ਮੰਚ ਦਿਵਸ 27 ਮਾਰਚ 1962 ਨੂੰ ਮਨਾਇਆ ਗਿਆ। ਆਰਟ, ਕਲਾ ਤੇ ਆਪਸੀ ਗੱਲਬਾਤ ਨੂੰ ਵਿਸ਼ਵ ਵਿੱਚ ਲੈ ਕੇ ਜਾਣਾ ਹੀ ਰੰਗ ਮੰਚ ਹੈ। ਰੰਗ ਮੰਚ ਦੋ ਸ਼ਬਦਾਂ ਤੋਂ ਬਣਿਆ ਹੈ, ਰੰਗ ਤੇ ਮੰਚ ਭਾਵ ਇੱਕ ਐਸਾ ਮੰਚ ਜਿਸ ਤੇ ਵੱਖ - ਵੱਖ ਰੰਗਾਂ ਦੇ ਲੋਕਾਂ ਵਿੱਚ ਨੂੰ ਪ੍ਰਦਰਸ਼ਤ ਕੀਤਾ ਜਾ ਸਕੇ। ਰੰਗ ਮੰਚ ਨੇ ਸ਼ੁਰੂ ਤੂੰ ਹੀ ਸਾਡੇ ਸਮਾਜ ਵਿੱਚ ਬਹੁਤ ਵੱਡਾ ਬਦਲਾਅ ਲਿਆਂਦਾ ਹੈ, ਤੇ ਭਵਿੱਖ ਵਿੱਚ ਵੀ ਲਿਆ ਰਿਹਾ ਹੈ। ਰੰਗ ਮੰਚ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ ਦਾ ਇੱਕ ਵਧੀਆ ਸਾਧਨ ਹੈ। ਹਰ ਸਾਲ 27 ਮਾਰਚ ਦੇ ਦਿਨ ਰੰਗ ਕਰਮੀ ਆਪਣੀ ਕਲਾ ਦਾ ਮੁਜਾਹਰਾ ਕਰਦੇ ਹਨ । ਸਾਡੀ ਜ਼ਿੰਦਗੀ ਵੀ ਅਸਲ ਵਿੱਚ ਇੱਕ ਰੰਗ ਮੰਚ ਹੀ ਹੈ। ਗੱਲ ਮੈਂ ਪੰਜਾਬੀ ਰੰਗ ਮੰਚ ਦੀ ਕਰਨ ਲੱਗਿਆ ਹਾਂ। ਪੰਜਾਬੀ ਰੰਗ ਮੰਚ ਨੇ ਤਕਰੀਬਨ ਇੱਕ ਸਦੀ ਦਾ ਸਫ਼ਰ ਤੈਅ ਕਰ ਲਿਆ ਹੈ। ਨੋਰਾ ਰਿਚਰਡਜ਼ ਤੋਂ ਇਸ ਰੰਗ ਮੰਚ ਦਾ ਆਰੰਭ ਹੋਇਆ। ਉਸ ਤੋਂ ਬਾਅਦ ਪ੍ਰੋਫੈਸਰ ਆਈ. ਸੀ. ਨੰਦਾ ਨੇ ਰੰਗ ਮੰਚ ਦੀ ਕਮਾਨ ਸੰਭਾਲੀ । ਬਲਵੰਤ ਗਾਰਗੀ ਤਾਂ ਆਪਣਾ ਨਾਟਕ ਲੋਹਾ ਕੁੱਟ ਤੇ ਹੋਰ ਨਾਟਕ ਵੀ ਅਮਰੀਕਾ ਆਦਿ ਵਿੱਚ ਖੇਡ ਕੇ ਆਏ ਸਨ। ਉਸ ਤੋਂ ਬਾਅਦ ਭਾਈ ਮੰਨਾ ਸਿੰਘ ਉਰਫ਼ ਗੁਰਸ਼ਰਨ ਸਿੰਘ ਜੀ ਨੇ ਅਤੇ ਉਹਨਾਂ ਦੇ ਵਿਦਿਆਰਥੀ ਚਲਾ ਰਹੇ ਹਨ। ਅੱਜ ਕੱਲ੍ਹ ਰੰਗ ਮੰਚ ਸਿਖ਼ਰ ਤੇ ਪਹੁੰਚ ਗਿਆ ਤੇ ਆਪਣੇ ਰੋਸ਼ਨ ਭਵਿੱਖ ਵੱਲ ਨੂੰ ਵੱਧ ਰਿਹਾ ਹੈ। ਆਪਣੀ ਵਿਸ਼ਵ ਪੱਧਰ ਤੇ ਆਪਣੀ ਧਾਕ ਜਮਾ ਚੁੱਕਾ ਹੈ।

ਨਾਟਕਕਾਰਾਂ ਨੇ ਬਹੁਤ ਵੱਡੇ ਵੱਡੇ ਨਾਟਕ ਲਿਖੇ ਹਨ । ਪਰ ਪੰਜਾਬੀ ਭਾਸ਼ਾ ਦੇ ਨਾਟਕ ਕਿਸੇ ਦੂਸਰੀ ਭਾਸ਼ਾ ਵਿੱਚ ਅਜੇ ਤੱਕ ਡੱਬ ਨਹੀਂ ਹੋਏ। ਜਦ ਕਿ ਹਿੰਦੀ ਭਾਸ਼ਾ ਦੇ ਨਾਟਕ ਅੰਗਰੇਜ਼ੀ ਨਾਟਕ ਭਾਸ਼ਾ ਵਿੱਚ ਤੇ ਅੰਗਰੇਜ਼ੀ ਭਾਸ਼ਾ ਦੇ ਨਾਟਕ ਹਿੰਦੀ ਭਾਸ਼ਾ ਵਿੱਚ ਰੱਬ ਹੋ ਰਹੇ ਹਨ। ਇਸ ਪੱਖੋਂ ਪੰਜਾਬੀ ਭਾਸ਼ਾ ਦੇ ਨਾਟਕ ਮਾਰ ਖਾ ਰਹੇ ਹਨ ਭਾਈ ਮੰਨਾ ਸਿੰਘ ਜੀ ਹੋਰਾਂ ਨੇ ਆਪਣਾ ਇੱਕ ਥਿਏਟਰ ਬਣਾ ਰੱਖਿਆ ਸੀ। ਉਹ ਜ਼ਿਆਦੇ ਨਾਟਕ ਪਿੰਡਾਂ ਵਿੱਚ ਕਰਦੇ ਸਨ 'ਤੇ ਲੋਕ ਪਸੰਦ ਵੀ ਕਰਦੇ ਸਨ। ਲੋਕ ਰੂੜੀਆਂ 'ਤੇ ਚੜ੍ਹ ਕੇ ਵੀ ਦੇਖਦੇ ਸਨ। ਕੰਧਾਂ 'ਤੇ ਚੜ੍ਹ ਕੇ ਵੀ ਦੇਖਦੇ ਸਨ। ਬਹੁਤ ਸਾਰੇ ਕਲਾਕਾਰਾਂ ਦੀ ਇਹੋ ਹੀ ਖਾਹਸ਼ ਹੁੰਦੀ ਹੈ, ਕਿ ਉਹ ਵੱਡੇ ਪਰਦੇ ਭਾਵ ਫਿਲਮਾਂ ਵਿੱਚ ਕੰਮ ਕਰਨ। ਪਹਿਲਾਂ ਵਾਲੇ ਰੰਗ ਕਰਮੀ ਥਿਏਟਰ ਨੂੰ ਮਾਨਤਾ ਦਿੰਦੇ ਸਨ। ਨਵੇਂ ਰੰਗ ਕਰਮੀਆਂ ਲਈ ਰੰਗ ਮੰਚ ਇੱਕ ਸਿਰੜ ਵਾਲਾ ਕਿੱਤਾ ਹੈ। ਅੱਜ ਦੇ ਚਰਚਿਤ ਕਲਾਕਾਰ ਰਾਣਾ ਰਣਬੀਰ ਨੇ ਇਥੋਂ ਤੱਕ ਕਹਿ ਦਿੱਤਾ ਹੈ ,ਕਿ ਰੰਗ ਮੰਚ ਮੇਰੀ ਮਾਂ ਹੈ, ਤੇ ਸਿਨੇਮਾ ਮੇਰਾ ਪਿਤਾ । ਪੰਜਾਬ ਪੱਧਰ ਤੇ ਅੱਜ ਕੱਲ੍ਹ ਰੰਗਕਰਮੀ ਕਾਫੀ ਰੁੱਝੇ ਹੋਏ ਹਨ। ਪਰ ਅੱਜ ਵੀ ਉਹਨਾਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ।

ਪੰਜਾਬ ਦੇ ਵਿੱਚ ਬਹੁਤ ਸਾਰੇ ਗਰੁੱਪ ਥੀਏਟਰ ਨੂੰ ਪਿਆਰ ਕਰਦੇ ਹਨ ਤੇ ਬਹੁਤ ਹੀ ਰੁੱਝੇ ਹੋਏ ਹਨ । ਮੈਡਮ ਅਨੀਤਾ ਸ਼ਬਦੀਸ਼ ,ਕੇਵਲ ਧਾਲੀਵਾਲ, ਗਿੱਲ ਹਰਦੀਪ ,ਹਰਕੇਸ਼ ਚੌਧਰੀ, ਮਿੱਤਲ ਟੋਨੀ ਬਾਤਿਸ਼ ਆਦਿ ਸਾਰੇ ਹੀ ਅੱਜ ਦਿਨ ਆਪਣੇ ਫਨ ਦਾ ਮੁਜਾਹਰਾ ਕਰਦੇ ਹਨ ।ਕੁਝ ਲੋਕ ਇਹੋ ਜਿਹੇ ਹਨ ਜੋ ਸਿਰਫ ਇਸੇ ਦਿਨ ਤੇ ਹੀ ਕੰਮ ਕਰਦੇ ਹਨ, ਪਰ ਜਿਆਦਾਤਰ ਲੋਕ ਸਮਰਪਿਤ ਹਨ ਜਿਵੇਂ ਨਵ- ਚੇਤਨ ਕਲਾ ਮੰਚ ਮੁੱਲਾਪੁਰ ,ਚਮਕੌਰ ਸਾਹਿਬ, ਡਾਕਟਰ ਸਾਹਿਬ ਸਿੰਘ, ਅਜਮੇਰ ਔਲਖ ਤੇ ਰਾਏਪੁਰ ਵਾਲਿਆਂ ਦਾ ਮੰਚ ਸਾਰਾ ਸਾਲ ਹੀ ਕੰਮ ਕਰਦੇ ਹਨ। ਅੱਜ ਦੇ ਨਾਟਕ 80% ਔਰਤਾਂ ਦੀ ਜ਼ਿੰਦਗੀ ਦੁਆਲੇ ਹੀ ਘੁੰਮਦੇ ਹਨ । ਬਹੁਤ ਸਾਰੀਆਂ ਔਰਤਾਂ ਵੀ ਕਲਾਕਾਰ ਹਨ। ਜੇਕਰ ਔਰਤ ਪ੍ਰਤੀ ਸਹੀ ਪਰਖ ਕਰਨੀ ਹੋਵੇ ਤਾਂ ਸਿਰਫ ਰੰਗ ਮੰਚ ਹੀ ਔਰਤ ਦੀ ਗੱਲ ਕਰਦਾ ਹੈ। ਅੱਜ ਕੁੜੀਆਂ ਵੀ ਮੁੰਡਿਆਂ ਨਾਲੋਂ ਰੰਗ ਮੰਚ ਵਿੱਚ ਵੱਧ ਹਿੱਸਾ ਲੈ ਰਹੀਆਂ ਹਨ ।ਪਰ ਫਿਰ ਵੀ ਰੰਗ ਮੰਚ ਲਈ ਲੜਕੀਆਂ ਦੀ ਘਾਟ ਨਜ਼ਰ ਆਉਂਦੀ ਹੈ। ਖਾਸ ਕਰਕੇ ਪਿੰਡਾਂ ਵਿੱਚ ਨਾਟਕ ਕਰਨ ਲਈ ਕੋਈ ਵੀ ਪਰਿਵਾਰ ਲੜਕੀ ਨੂੰ ਸਹਿਮਤੀ ਨਹੀਂ ਦਿੰਦਾ ਕਿ ਉਹ ਨਾਟਕਾਂ ਵਿੱਚ ਕੰਮ ਕਰੇ। ਪਰ ਜੇਕਰ ਉਹਨਾਂ ਨੂੰ ਕਿਸੇ ਫ਼ਿਲਮ ਦਾ ਰੋਲ ਮਿਲ ਜਾਏ ਤਾਂ ਹਰ ਪਰਿਵਾਰ ਰਾਜ਼ੀ ਹੋ ਜਾਂਦਾ ਹੈ। ਸਕੂਲ ਕਾਲਜ ਜਾਂ ਯੂਨੀਵਰਸਿਟੀ ਪੱਧਰ ਤੇ ਰੰਗ ਮੰਚ ਸਬੰਧੀ ਕੋਈ ਬਹੁਤੇ ਉਪਰਾਲੇ ਨਹੀਂ ਕੀਤੇ ਜਾਂਦੇ । ਰੰਗ ਮੰਚ ਸਬੰਧੀ ਕਾਫੀ ਕਿਤਾਬਾਂ ਛੱਪਦੀਆਂ ਹਨ। ਸਵਰਗੀ ਅਜਮੇਰ ਔਲਖ ,ਪਾਲੀ ਭੁਪਿੰਦਰ ਤੇ ਡਾਕਟਰ ਸਾਹਿਬ ਸਿੰਘ ਦੀਆਂ ਲਿਖੀਆਂ ਕਿਤਾਬਾਂ ਦੀ ਲੋਕ ਬੇਸਬਰੀ ਨਾਲ ਉਡੀਕ ਕਰਦੇ ਹਨ। ਬਹੁਤ ਸਾਰੇ ਨਾਟਕਕਾਰ ਜਿਵੇਂ ਮਾਸਟਰ ਤਰਲੋਚਨ ਜੀ ਸਮਰਾਲੇ ਵਾਲੇ ਦੀ ਟੀਮ ਬਹੁਤ ਹੀ ਵਧੀਆ ਨਾਟਕ ਪੇਸ਼ ਕਰ ਰਹੀ ਹੈ। ਜਿਵੇਂ ਨਸ਼ਿਆਂ ਸੰਬੰਧੀ ਮਾਵਾਂ ਲਈ ਦੁਖੜੇ ਸੁਣੇ ' ਆਦਿ ।ਇਸ ਤੋਂ ਇਲਾਵਾ ਗੁਰਭਜਨ ਗਿੱਲ ਹੋਰਾਂ ਦੀ ਲੋਰੀ ਨਾਟਕ ਵੀ ਬਹੁਤ ਸਲਾਹਿਆ ਗਿਆ ਹੈ, ਜਿਹੜਾ ਕਿ ਭਰੂਣ ਹੱਤਿਆ ਤੇ ਕਰਾਰੀ ਚੋਟ ਕਰਦਾ ਹੈ।

ਦਾਜ, ਭਰੂਣ ਹੱਤਿਆ, ਨਸ਼ੇ ਦਾ ਖਾਤਮਾ ਕਰਨ ਲਈ ਰੰਗ ਮੰਚ ਬਹੁਤ ਉਪਰਾਲੇ ਕਰ ਰਿਹਾ ਹੈ। ਨਸ਼ਿਆਂ ਦੀ ਸਮੱਸਿਆ ਇੱਕ ਗੰਭੀਰ ਹੈ। ਨਿੱਜੀ ਤੌਰ ਤੇ ਰੰਗ ਮੰਚ ਕਰਮੀਂ ਦੁਖਦੀ ਰੱਗ ਪੰਜਾਬ ਦੀ ਰਾਹੀ ਨਸ਼ਿਆਂ ਦੀ ਲਾਹਨਤ ਤੇ ਕਰਾਰੀ ਚੋਟ ਕਰਦੇ ਹਨ। ਬਹੁਤ ਸਾਰੀਆਂ ਨਾਟਕ ਮੰਡਲੀਆਂ ਪਿੰਡ -ਪਿੰਡ, ਸ਼ਹਿਰ ਜਾ ਕੇ ਨਸ਼ਿਆਂ ਦੇ ਖਿਲਾਫ ਨਾਟਕਾਂ ਰਾਹੀਂ ਸੁਨੇਹਾ ਦੇ ਰਹੀਆਂ ਹਨ। ਕਈ ਲੁਕੜ ਨਟਕ ਵੀ ਕੀਤੇ ਜਾਂਦੇ ਹਨ। ਸਾਡੇ ਸਮਾਜ ਵਿੱਚ ਔਰਤਾਂ ਦੀਆਂ ਸਮੱਸਿਆ ਜਿਆਦੇ ਹਨ। ਲੜਕੀਆਂ ਦੇ ਮਾਪਿਆਂ ਨੂੰ ਸੁਨੇਹਾ ਦਿੱਤਾ ਜਾਂਦਾ, ਕਿ ਉਹ ਲੜਕਿਆਂ ਰੰਗ ਮੰਚ ਦੇ ਕੰਮ ਲਈ ਉਤਸਾਹਿਤ ਕਰਨ ਕਿਉਂਕਿ ਇੱਕ ਔਰਤ ਹੀ ਔਰਤ ਦੇ ਦਰਦ ਨੂੰ ਜ਼ਿਆਦਾ ਜਾਣਦੀ ਹੈ। ਵੈਸੇ ਤਾਂ ਅੱਜ ਕੱਲ ਯੂਨੀਵਰਸਿਟੀ ਵਿੱਚ ਰੰਗ ਮੰਚ ਸਬੰਧੀ ਡਿਪਲੋਮੇ ਪੀ.ਐਚ.ਡੀ ਕੋਰਸ ਸ਼ੁਰੂ ਹੋ ਚੁੱਕੇ ਹਨ। ਇਸ ਵਾਸਤੇ ਔਰਤ ਨੂੰ ਜ਼ਰੂਰ ਅੱਗੇ ਆਉਣਾ ਚਾਹੀਦਾ ਹੈ। ਰੰਗ ਕਰਮੀ ਹੱਕ ਸੱਚ ਦੀ ਲੜਾਈ ਲੜਦੇ ਹਨ। ਜਿਵੇਂ ਦੂਸਰੇ ਮਹਿਕਮਿਆਂ ਵਿੱਚ ਦੇਸ਼ ਲਈ ਨਾਮ ਖੱਟਣ ਵਾਲੇ ਨੌਜਵਾਨਾਂ ਨੂੰ ਨੌਕਰੀ ਦਿੱਤੀਆਂ ਜਾਂਦੀਆਂ ਹਨ। ਜੇਕਰ ਇਹੋ ਜਿਹੇ ਪ੍ਰਬੰਧ ਰੰਗ ਕਰਮੀਆਂ ਲਈ ਵੀ ਹੋ ਜਾਵੇ ਤਾਂ ਉਹ ਆਰਾਮ ਨਾਲ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਸਕਦੇ ਹਨ ਤੇ ਨਾਲ ਅੰਗ ਮੰਚ ਨੂੰ ਵੀ ਸਿਖਰਾਂ 'ਤੇ ਪਹੁੰਚਾ ਸਕਦੇ ਹਨ। ਸਕੂਲਾਂ ਤੋਂ ਹੀ ਰੰਗ ਮੰਚ ਦੀਆਂ ਕਲਾਸਾਂ ਲੱਗਣੀਆਂ ਸ਼ੁਰੂ ਹੋਣੀਆਂ ਚਾਹੀਦੀਆਂ ਹਨ, ਤਾਂ ਕਿ ਅਸੀਂ ਤੇ ਵੱਧ ਤੋਂ ਵੱਧ ਬੁਰਾਈਆਂ ਤੇ ਕਾਬੂ ਪਾ ਸਕੀਏ। ਰੰਗ ਮੰਚ ਦੀਆਂ ਕਾਫੀ ਟੀਮਾਂ ਪੰਜਾਬ ਵਿੱਚ ਕੰਮ ਕਰ ਰਹੀਆਂ ਹਨ ਤੇ ਸਮਾਜਿਕ ਬੁਰਈਆਂ ਨੂੰ ਖਤਮ ਕਰਨ ਦਾ ਉਪਰਾਲਾ ਕਰ ਰਹੀਆਂ ਹਨ।

ਜੇਕਰ ਦੇਖਿਆ ਜਾਵੇ ਤਾਂ ਅੱਜ ਕੱਲ੍ਹ ਅਨੀਤਾ ਸ਼ਬਦੀਸ਼ ,ਓਮਪੁਰੀ ,ਹਰਪਾਲ ਟਿਵਾਣਾ ,ਨੀਨਾ ਟਿਵਾਣਾ ,ਗੁਰਦਾਸ ਮਾਨ ,ਨਿਰਮਲ ਰਿਸ਼ੀ ,ਸਰਦਾਰ ਸੋਹੀ ,ਮਲਕੀਤ ਰੌਣੀ, ਅਨੀਤਾ ਦੇਵਗੁਨ, ਅਨੀਤਾ ਮੀਤ ,ਕੁਲਦੀਪ ਸ਼ਰਮਾ, ਹੋਬੀ ਧਾਰੀਵਾਲ ਆਦਿ ਲੋਕ ਰੰਗ ਮੰਚ ਤੋਂ ਹੀ ਪੰਜਾਬੀ ਫਿਲਮਾਂ ਵੱਲ ਆਏ ਹਨ। ਸਵਰਗੀ ਸੁਰਿੰਦਰ ਸ਼ਰਮਾ ,ਜਸਮੀਨ ਮੀਨੂ ਬੀ .ਐਨ. ਸ਼ਰਮਾ ਅਤੇ ਹੁਣੇ ਹੀ ਸਵਰਗਵਾਸ ਹੋਏ ਰੰਗ ਮੰਚ ਦੀ ਕਲਾਕਾਰ ਨਵਨਿੰਦਰਾ ਬਹਿਲ ਦਿਨਾਂ ਨੇ ਕਿ ਸਾਰੀ ਜਿੰਦਗੀ ਰੰਗਮੰਚ ਨੂੰ ਹੀ ਸਮਰਪਿਤ ਕੀਤੀ ਹੋਈ ਸੀ ਆਦਿ ਚਰਚਿਤ ਲੋਕ ਹਨ। ਆਦਿ ਫਿਲਮਾਂ ਵਿੱਚ ਨਾਂ ਚਮਕਾ ਰਹੇ ਹਨ। ਜਗਦੀਸ਼ ਗਰਗ,ਟੋਨੀ ਬਾਤਿਸ਼ ਵੀ ਰੰਗ ਮੰਚ ਲਈ ਸਰਗਰਮ ਹਨ।

ਅੱਜ ਕੱਲ ਰੰਗ ਮੰਚ ਦੀ ਤਕਨੀਕ ਬਦਲ ਗਈ ਹੈ। ਪਰ ਸਮੱਸਿਆਵਾਂ ਅੱਜ ਵੀ ਹਨ । ਸਾਡੀਆਂ ਸਰਕਾਰਾਂ ਰੰਗ ਮੰਚ ਨੂੰ ਸਿਰਫ ਆਪਣੇ ਹਿੱਤਾਂ ਲਈ ਹੀ ਵਰਤਦੀਆਂ ਹਨ । ਰੰਗ ਕਰਮੀ ਰੰਗ ਮੰਚ ਨੂੰ ਪ੍ਰਫੁੱਲਤ ਕਰਨ ਨਿੱਜੀ ਕੋਸ਼ਿਸ਼ ਹੀ ਕਰਦੇ ਹਨ। ਸਰਕਾਰ ਵੱਲੋਂ ਕੋਈ ਸਹਾਇਤਾ ਜਾਂ ਕੋਸ਼ਿਸ਼ ਨਹੀਂ ਕੀਤੀ ਜਾਂਦੀ । ਜਤਿੰਦਰ ਨਾਟਸ਼ਾਲਾ (ਜਤਿੰਦਰ ਬਰਾੜ ਵਾਲੀ ਜੋ ਦੋ ਕੁ ਮਹੀਨੇ ਪਹਿਲਾਂ ਸਵਰਗਵਾਸ ਹੋਏ ਹਨ) ਵਿਰਸਾ ਵਿਹਾਰ, ਹੰਸਾ ਸਿੰਘ, ਸੁਚੇਤ ਨਾਟ ਸ਼ਾਲਾ, ਹੋਰਾਂ ਨੇ ਆਪਣੇ ਪੱਧਰ ਤੇ ਹੀ ਥਿਏਟਰ ਬਣਾਏ ਹਨ। ਜਿਸ ਤਰ੍ਹਾਂ ਹਰ ਖੇਤਰ ਵਿੱਚ ਨਾਮਵਰ ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਨਵੇਂ ਕਲਾਕਾਰ ਨੂੰ ਸਨਮਾਨ ਬਹੁਤ ਪ੍ਰਭਾਵਿਤ ਕਰਦੇ ਨੇ ਕਿਉਂਕਿ ਲੋਕਾਂ ਦਾ ਮਾਨ ਸਤਿਕਾਰ ਸਭ ਤੋਂ ਵੱਡਾ ਹੁੰਦਾ ਹੈ ਕਲਾਕਾਰ ਸਨਮਾਨ ਹਾਸਿਲ ਕਰਕੇ ਨਵੀਆਂ ਪੁਲਾਂਘਾਂ ਪੁੱਟਦੇ ਹਨ। ਰੰਗ ਕਰਮੀ ਸਮਾਜ ਨੂੰ ਨਵੀਂ ਸੇਧ ਦੇ ਕੇ ਚੰਗੇ ਪਾਸੇ ਲਿਜਾਂਦੇ ਹਨ ।ਸਰਕਾਰ ਨੂੰ ਚਾਹੀਦਾ ਹੈ ਕਿ ਰੰਗਕਰਮੀਆਂ ਦੀ ਵੀ ਬਾਂਹ ਫੜਨ ਤੇ ਉਹਨਾਂ ਦੀ ਮੱਦਦ ਕਰਨ।

ਸ਼ੁਭ ਚਿੰਤਕ ਪਾਠਕ ਲੇਖਕ।



**ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।**
**ਪਿੰਡ ਅਤੇ ਡਾਕਖਾਨਾ ਝਬੇਲਵਾਲੀ।**
**ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ।**
**6284145349**

# ਖੁਰਾਕ ਪਦਾਰਥਾਂ ਵਿੱਚ ਹੋ ਰਹੀ ਮਿਲਾਵਟ

ਦਿਨ ਪ੍ਰਤੀ ਦਿਨ ਖੁਰਾਕ ਪਦਾਰਥਾਂ ਵਿੱਚ ਮਿਲਾਵਟ ਦਾ ਰੁਝਾਨ ਵੱਧ ਰਿਹਾ ਹੈ। ਤਕਰੀਬਨ ਕਾਫੀ ਸਮੇਂ ਤੋਂ ਦੂਸ਼ਿਤ ਖੁਰਾਕ ਪਦਾਰਥਾਂ , ਮਿਲਾਵਟੀ ਦੁੱਧ ਪੀਣ ਨਾਲ ਲੋਕਾਂ ਦੀਆਂ ਮੌਤਾਂ ਦੀਆਂ ਖਬਰਾਂ ਆਮ ਪੜ੍ਹ ਨੂੰ ਮਿਲ ਰਹੀਆਂ ਹਨ। ਖੁਰਾਕ ਪਦਾਰਥਾਂ 'ਚ ਮਿਲ-ਾਵਟ ਇੱਕ ਘਿਨੌਣਾ ਅਪਰਾਧ ਹੈ । ਹਾਲਾਂਕਿ ਤਿਉਹਾਰਾਂ ਦੇ ਨੇੜੇ ਤੇੜੇ ਸਿਹਤ ਵਿਭਾਗ ਹਰਕਤ ਵਿੱਚ ਆਉਂਦਾ ਹੈ। ਦੁਕਾਨਾਂ ਦੇ ਸੈਂਪਲ ਭਰੇ ਜਾਂਦੇ ਹਨ। ਵਿਭਾਗੀ ਕਾਰਵਾਈ ਵੀ ਹੁੰਦੀ ਹੈ। ਵਿਚਾਰ ਕਰਨ ਵਾਲੀ ਗੱਲ ਹੈ ਕਿ ਸਾਰਾ ਸਾਲ ਪ੍ਰਸ਼ਾਸਨ ਕਿੱਥੇ ਸੋ ਰਿਹਾ ਹੁੰਦਾ ਹੈ। ਸਿਰਫ ਤਿਉਹਾਰਾਂ ਵਿੱਚ ਹੀ ਪ੍ਰਸ਼ਾਸਨ ਕਿਉਂ ਜਾਗਦਾ ਹੈ। ਕੁਝ ਕੁ ਦਿਨ ਪਹਿਲਾਂ ਖਬਰ ਪੜ੍ਹੀ ਕਿ ਮਿਲਾਵਟੀ ਦੁੱਧ ਪੀਣ ਨਾਲ ਕਿਸੇ ਹਸਪਤਾਲ ਵਿੱਚ ਮਰੀਜ਼ਾਂ ਦੀ ਗਿਣਤੀ ਵੱਧ ਹੋ ਗਈ। ਮਰੀਜ਼ਾਂ ਵਿੱਚ ਪੇਟ ਦਰਦ, ਉਲਟੀਆਂ ਟੱਟੀਆਂ, ਇੱਥੋਂ ਤੱਕ ਪਿਸ਼ਾਬ ਨਾ ਆਉਣਾ ਕਾਰਨ ਪਾਇਆ ਗਿਆ। ਪਿੱਛੇ ਜਿਹੇ ਲੁਧਿਆਣਾ ਵਿਖੇ ਕਿਸੇ ਲੰਗਰ ਵਿੱਚ ਖੀਰ ਖਾਣ ਨਾਲ 100 ਤੋਂ ਵੱਧ ਲੋਕ ਬਿਮਾਰ ਹੋ ਗਏ। ਅਕਸਰ ਨਰਾਤਿਆਂ ਵਿੱਚ ਲੋਕ ਵਰਤ ਰੱਖਦੇ ਹਨ, ਫਿਰ ਉਹ ਕੁੱਟੂ ਦਾ ਆਟਾ ਖਾਂਦੇ ਹਨ ।ਕੁਝ ਸਮਾਂ ਪਹਿਲਾਂ ਪੰਜਾਬ ਵਿੱਚ ਵੀ ਕਿਸੇ ਥਾਂ ਤੇ ਬਹੁਤ ਲੋਕ ਬਿਮਾਰ ਹੋਏ ਸਨ ।ਹੁਣ ਉੱਤਰ ਪ੍ਰਦੇਸ਼ ਦੇ ਕਈ ਜਿਲਿਆਂ ਵਿੱਚ ਮਿਲਾਵਟੀ ਆਟਾ ਖਾਣ ਨਾਲ 100 ਤੋਂ ਵੱਧ ਲੋਕ ਬਿਮਾਰ ਪੈ ਗਏ। ਇੱਕ ਹੋਰ ਖਬਰ ਪੜ੍ਹੀ ਕਿ ਆਂਧਰਾ ਪ੍ਰਦੇਸ਼ ਵਿੱਚ ਮਿਲਾਵਟੀ ਦੁੱਧ ਪੀਣ ਨਾਲ 15 ਲੋਕਾਂ ਦੀ ਮੌਤ ਹੋ ਗਈ ਤੇ ਕਈ ਲੋਕ ਹਸਪਤਾਲ ਜ਼ੇਰੇ ਇਲਾਜ ਹਨ। ਹੈਦਰਾਬਾਦ ਵਿਖੇ ਨਵੇਂ ਸਾਲ ਦੀ ਪਾਰਟੀ ਵਿੱਚ ਐਕਸਪਾਇਰਡ ਮਸਾਲਿਆਂ ਦਾ ਖਾਣਾ ਖਾਣ ਤੋਂ ਬਾਅਦ ਕਈ ਮੌਤਾਂ ਹੋਈਆਂ ਤੇ ਵੱਡੀ ਤਾਦਾਦ ਵਿੱਚ ਲੋਕ ਬਿਮਾਰ ਹੋ ਗਏ। ਅਕਸਰ ਢਾਬੇ, ਹੋਟਲਾਂ ਵਿੱਚ ਸਫਾਈ ਬਿਲਕੁਲ ਵੀ ਨਹੀਂ ਹੁੰਦੀ ਹੈ ਜੋ ਉਥੇ ਖਾਣਾ ਬਣਾਉਣ ਵਾਲੇ ਹੁੰਦੇ ਹਨ ਉਨਾਂ ਦੇ ਹੱਥ ਬਹੁਤ ਗੰਦੇ ਹੁੰਦੇ ਹਨ। ਰਸੋਈ ਵਿੱਚ ਬਹੁਤ ਗੰਦਗੀ ਹੁੰਦੀ ਹੈ। ਕੁੱਝ ਕੁ ਦਿਨ ਪਹਿਲਾਂ ਇੱਕ ਨਾਮੀ ਹੋਟਲ ਦੀ ਕੰਟੀਨ ਵਿੱਚ ਮਰਿਆ ਹੋਇਆ ਕੋਕਰੇਜ ਮੈਗੀ ਵਿੱਚੋਂ ਨਿਕਲਿਆ। ਦੇਖੋ ਉੱਥੇ ਤਾਂ ਤਰ੍ਹਾਂ ਤਰ੍ਹਾ ਦੇ ਮਸਾਲੇ ਲਗਾ ਕੇ ਘਟੀਆ ਤੋਂ ਘਟੀਆ ਖਾਣੇ ਨੂੰ ਵੀ ਜ਼ਾਇਕੇਦਾਰ ਬਣਾ ਦਿੱਤਾ ਜਾਂਦਾ ਹੈ। ਸਿਹਤ ਤੁਹਾਡੀ ਆਪਣੀ ਹੈ। ਅਕਸਰ ਸਿਆਣੇ ਕਹਿੰਦੇ ਹਨ ਕਿ ਭੁੱਖਾ ਬੰਦਾ ਨਹੀਂ ਮਰਦਾ, ਵੱਧ ਖਾਣ ਨਾਲ ਸਾਡਾ ਪੇਟ ਖਰਾਬ ਹੋ ਜਾਂਦਾ ਹੈ। ਅੱਜ ਕੱਲ ਤਾਂ ਨਾ ਮੁਰਾਦ ਬਿਮਾਰੀਆਂ ਬਹੁਤ ਹਨ, ਪਤਾ ਇਹਨੇ ਹੀ ਨਹੀਂ ਚੱਲਦਾ ਕਿ ਸਰੀਰ ਨੂੰ ਕਿਹੜੀ ਬਿਮਾਰੀ ਲੱਗ ਗਈ ਹੈ। ਸਿਹਤ ਹੈ ਤਾਂ ਜਹਾਨ ਹੈ। ਇਸ ਕਰਕੇ ਸਾਫ ਸੁਥਰਾ ਖਾਣਾ ਜਿਥੇ ਤੁਹਾਨੂੰ ਲੱਗਦਾ ਹੈ ਉੱਤੇ ਖਾਓ। ਨਹੀਂ! ਤਾਂ ਘਰ ਦਾ ਬਣਿਆ ਹੋਇਆ ਸ਼ੁੱਧ ਖਾਣਾ ਖਾਓ। ਇਸੇ ਵਿੱਚ ਹੀ ਸਾਡੀ ਭਲਾਈ ਹੈ।



**ਸੰਜੀਵ ਸਿੰਘ ਸੈਣੀ,**
**ਮੋਹਾਲੀ**

# ਕੀ ਅਸੀਂ ਸਿਹਤ ਸੰਕਟ ਨਾਲ ਜੂਝ ਰਹੇ ਹਾਂ...?




ਮੁਨਾਫ਼ਾਖੋਰਾਂ ਅਤੇ ਮਿਲਾਵਟਖੋਰਾਂ ਵੱਲੋਂ ਆਮ ਲੋਕਾਂ ਦੀ ਸਿਹਤ ਨਾਲ ਇਸ ਤਰ੍ਹਾਂ ਖਿਲਵਾੜ ਕੀਤਾ ਜਾਵੇਗਾ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ । ਖਾਣ-ਪੀਣ ਦੀਆਂ ਚੀਜ਼ਾਂ ਵਿਚ ਹੋ ਰਹੀ ਮਿਲਾਵਟ ਹੀ ਸਾਡੀ ਸਿਹਤ ਦੀ ਵੱਡੀ ਦੁਸ਼ਮਣ ਬਣ ਗਈ ਹੈ। ਅੱਜ ਸਾਡੇ ਦੇਸ਼ ਵਿੱਚ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਤੇਜ਼ੀ ਨਾਲ ਫੈਲ ਰਹੀਆਂ ਹਨ। ਮਿਲਾਵਟੀ ਅਤੇ ਕੀਟਨਾਸ਼ਕ ਯੁਕਤ ਖਾਦ ਪਦਾਰਥਾਂ ਕਾਰਨ ਲੋਕ ਤੇਜ਼ੀ ਨਾਲ ਕੈਂਸਰ ਦੇ ਰੋਗੀ ਬਣ ਰਹੇ ਹਨ।ਇਸ ਤੋਂ ਇਲਾਵਾ ਮਿਲਾਵਟੀ ਭੋਜਨ ਪਦਾਰਥ ਖਾਣ ਨਾਲ ਦਸਤ, ਉਲਟੀ, ਐਲਰਜੀ, ਸ਼ੂਗਰ, ਦਿਲ ਦੇ ਰੋਗ ਵਰਗੀਆਂ ਗੰਭੀਰ ਅਤੇ ਘਾਤਕ ਬਿਮਾਰੀਆਂ ਹੋ ਰਹੀਆਂ ਹਨ। ਭੋਜਨ ਵਿੱਚ ਮਿਲਾਵਟ ਸਿਹਤ ਲਈ ਬਹੁਤ ਵੱਡਾ ਖਤਰਾ ਹੈ। ਅਜੋਕੇ ਸਮੇਂ ਵਿੱਚ ਤੁਹਾਨੂੰ ਕੋਈ ਪੂਰੀ ਤਰ੍ਹਾਂ ਨਾਲ ਤੰਦਰੁਸਤ ਵਿਰਲਾ ਹੀ ਮਿਲੇਗਾ, ਅੱਜ ਦਾ ਤਾਂ ਬਚਪਨ ਵੀ ਬੀਮਾਰੀਆਂ ਤੋਂ ਰਹਿਤ ਨਹੀਂ ਰਿਹਾ ਹੈ। ਤੁਹਾਡੀ ਥਾਲੀ ਵਿੱਚ ਪਰੋਸਿਆ ਜਾ ਰਿਹਾ ਭੋਜਨ ਅਸਲ ਵਿੱਚ ਭੇਸ ਬਦਲ ਕੇ ਆਇਆ ਧੀਮਾ ਜ਼ਹਿਰ ਹੈ ਜੋ ਇੱਕ ਬਹੁਤ ਹੀ ਗੰਭੀਰ ਅਤੇ ਡਰਾਉਣੀ ਸਚਾਈ ਹੈ। ਭੋਜਨ ਦੀਆਂ ਵਸਤਾਂ ਵਿੱਚ ਹੋ ਰਹੀ ਅੰਨ੍ਹੇਵਾਹ ਮਿਲਾਵਟ ਸਾਡੇ ਦੇਸ਼ ਦਾ ਸਭ ਤੋਂ ਵੱਡਾ ਸਿਹਤ ਸੰਕਟ ਹੈ । ਆਮ ਲੋਕ ਇਸ ਗੱਲੋਂ ਅਣਜਾਣ ਹਨ ਕਿ ਕਿਵੇਂ ਸਾਡੇ ਰੋਜ਼ਮਰ੍ਹਾ ਦੀਆਂ ਜ਼ਰੂਰੀ ਚੀਜ਼ਾਂ ਵਿੱਚ ਮਿਲਾਵਟ ਪਾਈ ਜਾਂਦੀ ਹੈ।

ਦੁੱਧ ਵਿੱਚ ਪਾਣੀ, ਡਿਟਰਜੈਂਟ, ਯੂਰੀਆ, ਸਟਾਰਚ ਅਤੇ ਰਿਫਾਇੰਡ ਤੇਲ ਵਰਗੀਆਂ ਚੀਜ਼ਾਂ ਮਿਲਾ ਕੇ ਮਿਲਾਵਟ ਕੀਤੀ ਜਾਂਦੀ ਹੈ, ਜੋ ਸਿਹਤ ਲਈ ਬਹੁਤ ਹਾਨੀਕਾਰਕ ਹੈ। ਇਸਦਾ ਉਦੇਸ਼ ਮੁਨਾਫਾ ਕਮਾਉਣਾ ਅਤੇ ਦੁੱਧ ਦੀ ਮਾਤਰਾ ਵਧਾਉਣਾ ਹੁੰਦਾ ਹੈ। ਕਈ ਫ਼ਲਾਂ ਜਿਵੇਂ ਕੇਲਾ, ਪਪੀਤਾ ਅਤੇ ਅੰਬ ਆਦਿ ਨੂੰ ਜਲਦੀ ਪਕਾਉਣ ਲਈ ਕੈਲਸ਼ੀਅਮ ਕਾਰਬਾਈਡ ਵਰਤਿਆ ਜਾਂਦਾ ਹੈ। ਸੇਬ ਅਤੇ ਹੋਰ ਫਲਾਂ 'ਤੇ ਚਮਕ ਲਿਆਉਣ ਲਈ ਮੋਮ ਲਗਾਇਆ ਜਾਂਦਾ ਹੈ।ਸਬਜ਼ੀਆਂ ਜਿਵੇਂ ਮਟਰ, ਹਰੀ ਮਿਰਚ ਆਦਿ ਨੂੰ ਗੂੜ੍ਹਾ ਹਰਾ ਕਰਨ ਲਈ ਮੈਲਾਕਾਈਟ ਗ੍ਰੀਨ ਵਰਗੇ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਕਿ ਕੈਂਸਰ ਦਾ ਕਾਰਨ ਬਣ ਸਕਦੇ ਹਨ।ਕੱਦੂ, ਕਰੇਲੇ ਅਤੇ ਤਰਬੂਜ਼ ਨੂੰ ਜਲਦੀ ਪੱਕਣ ਅਤੇ ਅਕਾਰ ਵਿੱਚ ਵੱਡਾ ਕਰਨ ਲਈ ਆਕਸੀਟੋਸਿਨ (ਏਟੋਚਿਨ) ਵਰਗੇ ਇੰਜੈਕਸ਼ਨ ਲਗਾਏ ਜਾਂਦੇ ਹਨ। ਅਨਾਜ ਵਿੱਚ ਮਿਲਾਵਟ ਮੁੱਖ ਤੌਰ 'ਤੇ ਜ਼ਿਆਦਾ ਮੁਨਾਫ਼ਾ ਕਮਾਉਣ ਲਈ ਸਸਤੀਆਂ, ਘਟੀਆ ਜਾਂ ਅਣਚਾਹੀਆਂ ਚੀਜ਼ਾਂ ਮਿਲਾ ਕੇ ਕੀਤੀ ਜਾਂਦੀ ਹੈ, ਜਿਵੇਂ ਕਿ ਕਣਕ ਵਿੱਚ ਪੱਥਰ, ਮਿੱਟੀ, ਜਾਂ ਦਾਲਾਂ ਵਿੱਚ ਨਕਲੀ ਰੰਗ। ਕਣਕ ਵਿੱਚ ਮਿੱਟੀ, ਕੰਕਰ, ਪੱਥਰ, ਅਤੇ ਟੁੱਟੇ ਹੋਏ ਦਾਣੇ ਮਿਲਾਏ ਜਾਂਦੇ ਹਨ। ਚੌਲਾਂ ਵਿੱਚ ਸਸਤੇ ਚੌਲ ਜਾਂ ਹੋਰ ਅਨਾਜ ਮਿਲਾਇਆ ਜਾ ਸਕਦਾ ਹੈ।ਦਾਲਾਂ ਵਿੱਚ ਰੋਗਨ ਜੋ ਸਿਹਤ ਲਈ ਹਾਨੀਕਾਰਕ ਹੈ ਜਾਂ ਇੱਟਾਂ ਪੱਥਰਾਂ ਦੇ ਛੋਟੇ ਟੁਕੜੇ ਮਿਲਾਏ ਜਾਂਦੇ ਹਨ। ਕਈ ਵਾਰ ਦਾਲਾਂ ਨੂੰ ਚਮਕਦ-ਾਰ ਬਣਾਉਣ ਲਈ ਨਕਲੀ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ।ਪੀਸੇ ਹੋਏ ਮਸਾਲਿਆਂ ਵਿੱਚ ਲੱਕੜ ਦਾ ਬੂਰਾਦਾ, ਸਟਾਰਚ, ਜਾਂ ਰੰਗ ਮਿਲਾਇਆ ਜਾਂਦਾ ਹੈ। ਆਟੇ ਵਿੱਚ ਚਾਕ ਪਾਊਡਰ ,ਉੱਲੀ ਲੱਗੀਆਂ ਬੇਹੀਆਂ ਰੋਟੀਆਂ ਜਾਂ ਗੰਦ ਮੰਦ ਪੀਸ ਕੇ ਜਾਂ ਹੋਰ ਘਟੀਆ ਪਾਊਡਰ ਮਿਲਾਏ ਜਾ ਸਕਦੇ ਹਨ।ਕਈ ਵਾਰ ਸਾਬਤ ਅਨਾਜ ਨੂੰ ਛੇਤੀ ਗਲਾਉਣ ਲਈ ਰਸਾਇਣਕ ਪਦਾਰਥਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਦੁੱਧ ਵਿੱਚ ਯੂਰੀਆ ਤੇ ਡਿਟਰਜੈਂਟ, ਸਬਜ਼ੀਆਂ ਵਿੱਚ ਜ਼ਹਿਰੀਲਾ ਆਕਸੀਟੋਸਿਨ, ਪਨੀਰ ਵਿੱਚ ਕਾਸਟਿਕ ਸੋਡਾ, ਮਸਾਲਿਆਂ ਵਿੱਚ ਇੱਟਾਂ ਦਾ ਪਾਊਡਰ, ਸ਼ਹਿਦ ਵਿੱਚ ਨਕਲੀ ਸ਼ਰਬਤ, ਮੁਰਗਿਆਂ ਵਿੱਚ ਸਟੀਰੌਇਡ ਅਤੇ ਇੱਥੋਂ ਤੱਕ ਕਿ ਆਈਸ ਕਰੀਮ ਵਿੱਚ ਵੀ ਸਰਫ ਮਿਲਾ ਕੇ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਬਿਮਾਰੀਆਂ ਦੀ ਦਲਦਲ ਵਿੱਚ ਧੱਕਿਆ ਜਾ ਰਿਹਾ ਹੈ। ਤਿਉਹਾਰਾਂ ਦੇ ਦਿਨਾਂ ਵਿੱਚ ਸਿੰਥੈਟਿਕ ਪਨੀਰ,ਖੋਆ ਅਤੇ ਰੰਗਦਾਰ ਨਕਲੀ ਮਠਿਆਈਆਂ ਵੇਚ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾਂਦਾ ਹੈ।

ਖਾਣ ਪੀਣ ਦੀਆਂ ਚੀਜ਼ਾਂ ਵਿੱਚ ਮਿਲਾਵਟ ਇੱਕ ਵੱਡੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਸ ਨਾਲ ਸਿਹਤ ਉੱਤੇ ਕਈ ਤਰੀਕਿਆਂ ਨਾਲ ਮਾੜੇ ਪ੍ਰਭਾਵ ਪੈ ਰਹੇ ਹਨ। ਮਿਲਾਵਟ ਦਾ ਇਹ ਧੰਦਾ ਭਾਰਤ ਵਿੱਚ ਬਹੁਤ ਆਮ ਹੋ ਗਿਆ ਹੈ ਅਤੇ ਇਹ ਮੁੱਖ ਤੌਰ 'ਤੇ ਖਾਣ ਪੀਣ ਦੀਆਂ ਚੀਜ਼ਾਂ ਦੀ ਮਾਤਰਾ ਵਧਾਉਣ ਅਤੇ ਵੱਧ ਮੁਨਾਫ਼ਾ ਕਮਾਉਣ ਲਈ ਕੀਤਾ ਜਾਂਦਾ ਹੈ। ਇਸ ਜਾਨਲੇਵਾ ਖੇਡ ਨੂੰ ਰੋਕਣ ਲਈ ਭਾਰਤ ਦੀ ਖੁਰਾਕ ਸੁਰੱਖਿਆ ਅਤੇ ਮਿਆਰ ਅਥਾਰਟੀ ਨੂੰ ਬੇਹੱਦ ਸ਼ਕਤੀਸ਼ਾਲੀ ਬਣਾਏ ਜਾਣ ਦੀ ਲੋੜ ਹੈ, ਟੈਸਟਿੰਗ ਲੈਬਾਂ ਦਾ ਦੇਸ਼-ਵਿਆਪੀ ਜਾਲ ਵਿਛਾਇਆ ਜਾਵੇ, ਮਿਲਾਵਟਖੋਰਾਂ ਵਿਰੁੱਧ ਸਖ਼ਤ ਤੋਂ ਸਖ਼ਤ ਸਜ਼ਾਵਾਂ ਤੇ ਜੁਰਮਾਨੇ ਤੈਅ ਕੀਤੇ ਜਾਣ ਅਤੇ ਖ਼ਰਾਬ ਮਾਲ ਨੂੰ ਤੁਰੰਤ ਬਾਜ਼ਾਰੋਂ ਹਟਾਉਣ ਲਈ ਇੱਕ ਸਿਸਟਮ ਲਾਗੂ ਹੋਣਾ ਚਾਹੀਦਾ ਹੈ ਕਿਉਂਕਿ ਇਹ ਭਾਰਤ ਦੇ ਹਰ ਨਾਗਰਿਕ ਦੀ ਜਾਨ ਅਤੇ ਸਿਹਤ ਦਾ ਸਵਾਲ ਹੈ ।ਇਸ ਪ੍ਰਤੀ ਆਮ ਲੋਕਾਂ ਦੇ ਨਾਲ ਨਾਲ ਸਰਕਾਰਾਂ ਨੂੰ ਵੀ ਜਾਗਰੂਕ ਅਤੇ ਸੁਚੇਤ ਹੋਣ ਦੀ ਲੋੜ ਹੈ ਕਿਉਂਕਿ ਸਾਡੀ ਰਸੋਈ ਪੋਸ਼ਣ ਦਾ ਸੋਮਾ ਹੋਣੀ ਚਾਹੀਦੀ ਹੈ, ਨੁਕਸਾਨ ਦਾ ਨਹੀਂ। ਕੀ ਅਸੀਂ ਮਿਲਾਵਟੀ ਖਾਣੇ ਖਾ ਕੇ ਸੱਚ ਮੁੱਚ ਹੀ ਸਿਹਤ ਸੰਕਟ ਨਾਲ ਜੂਝ ਰਹੇ ਹਾਂ?



**ਬਰਜਿੰਦਰ ਕੌਰ ਬਿਸਰਾਓ...**
9988901324

# ਵਿਸ਼ਵ ਰੰਗਮੰਚ ਦਿਵਸ: ਵਿਦਿਆਰਥੀਆਂ ਲਈ ਸਿੱਖਣ ਅਤੇ ਸਮਾਜ ਦੇ ਦਰਪਣ ਦਾ ਮੰਚ

## 27 ਮਾਰਚ ਵਿਸ਼ਵ ਰੰਗਮੰਚ ਦਿਵਸ਼ ਤੇ ਵਿਸ਼ੇਸ਼

ਹਰ ਸਾਲ 27 ਮਾਰਚ ਨੂੰ ਵਿਸ਼ਵ ਰੰਗਮੰਚ ਦਿਵਸ ਮਨਾਇਆ ਜਾਂਦਾ ਹੈ। ਇਹ ਦਿਨ ਸਾਨੂੰ ਰੰਗਮੰਚ ਦੀ ਮਹੱਤਤਾ ਨੂੰ ਸਮਝਣ ਦਾ ਮੌਕਾ ਦਿੰਦਾ ਹੈ, ਖ਼ਾਸ ਕਰਕੇ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਇਸ ਦੀ ਭੂਮਿਕਾ ਬਹੁਤ ਅਹਿਮ ਹੈ। ਸਕੂਲਾਂ ਵਿੱਚ ਰੰਗਮੰਚ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਸਿੱਖਿਆ ਦਾ ਇੱਕ ਪ੍ਰਭਾਵਸ਼ਾਲੀ ਮਾਧਿਅਮ ਹੈ।ਰੰਗਮੰਚ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੰਦਾ ਹੈ। ਨਾਟਕਾਂ ਵਿੱਚ ਭਾਗ ਲੈਣ ਨਾਲ ਉਹਨਾਂ ਵਿੱਚ ਆਤਮ-ਵਿਸ਼ਵਾਸ ਵਧਦਾ ਹੈ, ਸੰਚਾਰ ਕੌਸ਼ਲ ਸੁਧਰਦੇ ਹਨ ਅਤੇ ਟੀਮ ਵਰਕ ਦੀ ਭਾਵਨਾ ਵਿਕ-ਸਿਤ ਹੁੰਦੀ ਹੈ। ਕਈ ਵਾਰ ਜੋ ਵਿਦਿਆਰਥੀ ਕਲਾਸ ਵਿੱਚ ਘੱਟ ਬੋਲਦੇ ਹਨ, ਉਹ ਮੰਚ ‘ਤੇ ਆਪਣੇ ਆਪ ਨੂੰ ਬੇਝਿਜ਼ਕ ਪ੍ਰਗਟ ਕਰ ਸਕਦੇ ਹਨ।

ਇਸ ਤੋਂ ਇਲਾਵਾ ਰੰਗਮੰਚ ਸਿੱਖਣ ਨੂੰ ਰੁਚਿਕਰ ਬਣਾਉਂਦਾ ਹੈ। ਇਤਿਹਾਸ, ਸਾਹਿਤ ਅਤੇ ਸਮਾਜਿਕ ਵਿਸ਼ਿਆਂ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰਨ ਨਾਲ ਵਿਦਿਆਰਥੀ ਉਹਨਾਂ ਨੂੰ ਆਸਾਨੀ ਨਾਲ ਸਮਝ ਲੈਂਦੇ ਹਨ। ਇਹ ਸਿਰਫ਼ ਕਿਤਾਬੀ ਗਿਆਨ ਤੱਕ ਸੀਮਿਤ ਨਹੀਂ ਰਹਿੰਦਾ, ਸਗੋਂ ਜੀਵਨ ਨਾਲ ਜੁੜੀ ਸਿੱਖਿਆ ਵੀ ਦਿੰਦਾ ਹੈ।

ਸਕੂਲੀ ਸਮਾਰੋਹਾਂ, ਕਲਾ ਉਤਸਵਾਂ ਅਤੇ ਮੁਕਾਬਲਿਆਂ ਵਿੱਚ ਵਿਦਿਆਰਥੀ ਉਤਸ਼ਾਹ ਨਾਲ ਭਾਗ ਲੈਂਦੇ ਹਨ। ਅੱਜ ਦੇ ਡਿਜ਼ੀਟਲ ਯੁੱਗ ਵਿੱਚ ਜਿੱਥੇ ਬੱਚੇ ਮੋਬਾਈਲ ਅਤੇ ਸਕਰੀਨ ਨਾਲ ਜ਼ਿਆਦਾ ਜੁੜ ਰਹਿੰਦੇ ਹਨ, ਉਥੇ ਰੰਗਮੰਚ ਉਹਨਾਂ ਨੂੰ ਰਚਨਾਤਮਕ ਅਤੇ ਸਮਾਜਿਕ ਬਣਾਉਣ ਦਾ ਵਧੀਆ ਸਾਧਨ ਹੈ। ਇਸ ਲਈ ਸਕੂਲਾਂ ਨੂੰ ਚਾਹੀਦਾ ਹੈ ਕਿ ਉਹ ਰੰਗਮੰਚੀ ਗਤੀਵਿਧੀਆਂ ਨੂੰ ਹੋਰ ਵਧਾਉਣ ਅਤੇ ਵਿਦਿਆਰਥੀਆਂ ਨੂੰ ਇਸ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨ।ਵਿਸ਼ਵ ਰੰਗਮੰਚ ਦਿਵਸ ‘ਤੇ ਆਓ ਅਸੀਂ ਇਹ ਸੰਕਲਪ ਲਈਏ ਕਿ ਅਸੀਂ ਰੰਗਮੰਚ ਨੂੰ ਆਪਣੇ ਸਕੂਲੀ ਜੀਵਨ ਦਾ ਅਹਿਮ ਹਿੱਸਾ ਬਣਾਵਾਂਗੇ ਅਤੇ ਇਸ ਰਾਹੀਂ ਸਿੱਖਣ ਨੂੰ ਹੋਰ ਰੁਚਿਕਰ ਅਤੇ ਪ੍ਰਭਾਵਸ਼ਾਲੀ ਬਣਾਵਾਂਗੇ।



**ਡਾ.ਮਨੀਸ਼ਾ ਗੁਪਤਾ**
**ਪ੍ਰਿੰਸੀਪਲ**
**ਆਦਰਸ਼ ਸੀਨੀਅਰ ਸੈਕੰਡਰੀ ਸਕੂਲ**
**ਕੋਟਭਾਈ (ਸ੍ਰੀ ਮੁਕਤਸਰ ਸਾਹਿਬ),**


joo
Just Order Online
WANT TO SAVE £1000'S IN YOUR RESTAURANT?
TABLET ORDERING SYSTEM
KITCHEN DISPLAY & KITCHEN PRINTERS
ONLINE ORDERING & TABLE BOOKING
INTEGRATED CARD MACHINES
JOO AI – ADVANCED BUSINESS INTELLIGENCE
POS,PRINTER, WEBSITE, ORDER BOOKING SYSTEM FROM
STARTING FROM
WAS £999
NOW ONLY
£249
Contact Us
+44-7846-588928
OFFER ENDS
28 FEB 2026
justorderonline.co.uk
info@justorderonline.co.uk
T&Cs apply - 2 year contract. Subject to availability

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com